Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 11 07/07/2026 www.samajweekly.com samajweekly @samajweekly samajweekly

# ਭਾਰੀ ਬਾਰਿਸ਼ ਕਾਰਨ ਆਏ ਹੜ੍ਹ ਦੌਰਾਨ ਮਲਬੇ ਹੇਠ ਦੱਬੀਆਂ ਕਈ ਗੱਡੀਆਂ



**ਜੰਮੂ।** ਜੰਮੂ ਕਸ਼ਮੀਰ ਵਿੱਚ ਬੀਤੀ ਰਾਤ ਭਰ ਹੋਈ ਲਗਾਤਾਰ ਬਾਰਿਸ਼ ਕਾਰਨ ਅਚਾਨਕ ਆਏ ਹੜ੍ਹ ਨਾਲ ਡੋਡਾ-ਕਿਸ਼ਤਵਾੜ ਹਾਈਵੇਅ ਦਾ ਇਕ ਹਿੱਸਾ ਨੁਕਸਾਨਿਆ ਗਿਆ, ਜਿਸ ਨਾਲ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਹੋਈ। ਇਸ ਦੇ ਨਾਲ ਹੀ ਪਰਬਤੀ ਜ਼ਿਲ੍ਹਿਆਂ ਡੋਡਾ ਅਤੇ ਕਿਸ਼ਤਵਾੜ ਵਿੱਚ ਨਿਰਮਾਣ ਅਧੀਨ 540 ਮੈਗਾਵਾਟ ਵਾਲੀ ਕਵਾਰ ਪਣਬਿਜਲੀ ਪ੍ਰਾਜੈਕਟ ਕੋਲ ਕਈ ਗੱਡੀਆਂ ਮਲਬੇ ਵਿੱਚ ਦਬ ਗਈਆਂ। ਅਚਾਨਕ ਗੜ੍ਹ ਆਉਣ ਤੋਂ ਬਾਅਦ ਹਾਈਵੇਅ ਤੇ ਭਾਰੀ ਮਾਤਰਾ ਵਿੱਚ ਚਿੱਕੜ, ਚੱਟਾਨਾਂ ਅਤੇ ਮਲਬਾ ਇਕੱਠਾ ਹੋ ਗਿਆ। ਗੁਆਂਢੀ ਕਿਸ਼ਤਵਾੜ ਜ਼ਿਲ੍ਹਿਆਂ ਵਿੱਚ ਵੀ ਬਾਰਿਸ਼ ਕਾਰਨ ਨਿਰਮਾਣ ਅਧੀਨ 540 ਮੈਗਾਵਾਟ ਕਵਾਰ ਪਣਬਿਜਲੀ ਪ੍ਰਾਜੈਕਟ ਦੇ ਸੁਰੰਗ ਖੇਤਰ ਕੋਲ ਜ਼ਮੀਨ ਖਿਸਕ ਗਈ ਅਤੇ ਚਿੱਕੜ ਦਾ ਮਲਬਾ ਜਮ੍ਹਾ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਅਚਾਨਕ ਆਇਆ ਹੜ੍ਹ ਆਪਣੇ ਨਾਲ ਪ੍ਰਾਜੈਕਟ ਖੇਤਰ ਵਿੱਚ ਭਾਰੀ ਮਾਤਰਾ ਵਿੱਚ ਚਿੱਕੜ ਅਤੇ ਪੱਥਰ ਲੈ ਆਇਆ, ਜਿਸ ਨਾਲ ਟਰੱਕਾਂ, ਖੋਦਾਈ ਵਿੱਚ ਇਸਤੇਮਾਲ ਹੋਣ ਵਾਲੇ ਭਾਰੀ ਵਾਹਨ ਅਤੇ ਹੋਰ ਨਿਰਮਾਣ ਉਪਕਰਣਾਂ ਸਮੇਤ ਕਈ ਵਾਹਨ ਦਬ ਗਏ ਅਤੇ ਨਿਰਮਾਣ ਸਮੱਗਰੀ ਨੂੰ ਵੀ ਨੁਕਸਾਨ ਪਹੁੰਚਿਆ। ਉਨ੍ਹਾਂ ਦੱਸਿਆ ਕਿ ਕਈ ਗੱਡੀਆਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਅਤੇ ਮਲਬੇ ਹੇਠਾਂ ਫਸੀਆਂ ਹੋਈਆਂ ਹਨ। ਫਸੀਆਂ ਹੋਈਆਂ ਗੱਡੀਆਂ ਨੂੰ ਕੱਢਣ ਅਤੇ ਪ੍ਰਭਾਵਿਤ ਜਗ੍ਹਾ ਤੇ ਆਮ ਸਥਿਤੀ ਬਹਾਲ ਕਰਨ ਦਾ ਕੰਮ ਜਾਰੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰਿਆਸੀ ਜ਼ਿਲ੍ਹੇ ਦੇ ਉਚਾਈ ਵਾਲੇ ਇਲਾਕਿਆਂ ਤੋਂ ਵੀ ਅਚਾਨਕ ਹੜ੍ਹ ਆਉਣ ਦੀਆਂ ਘਟਨਾਵਾਂ ਦੀ ਖ਼ਬਰ ਮਿਲੀ ਹੈ। ਪ੍ਰਸ਼ਾਸਨ ਨੇ ਪਹਿਲਾਂ ਹੀ ਜੰਮੂ ਕਸ਼ਮੀਰ ਦੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਭਾਰੀ ਬਾਰਿਸ਼, ਹਨ੍ਹੇਰੀ-ਤੂਫਾਨ, ਅਚਾਨਕ ਹੜ੍ਹ ਅਤੇ ਜ਼ਮੀਨ ਖਿਸਕਣ ਦੀ ਚਿਤਾਵਨੀ ਜਾਰੀ ਕੀਤੀ ਸੀ ਅਤੇ ਲੋਕਾਂ ਖਾਸ ਕਰ ਕੇ ਨਦੀਆਂ ਦੇ ਕਿਨਾਰਿਆਂ ਕੋਲ ਰਹਿਣ ਵਾਲੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਅਸੁਰੱਖਿਅਤ ਥਾਵਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਸੀ।

# ਯੂਕਰੇਨ ਦੀ ਰਾਜਧਾਨੀ ਕੀਵ 'ਤੇ ਇੱਕ ਹਫ਼ਤੇ ਦੇ ਅੰਦਰ ਹੋਏ ਰੂਸੀ ਹਮਲਿਆਂ ਵਿੱਚ ਘੱਟੋ-ਘੱਟ 11 ਲੋਕਾਂ ਦੀ ਮੌਤ

## 46 ਲੋਕ ਜ਼ਖਮੀ, ਫੌਜੀ ਪ੍ਰਸ਼ਾਸਕ ਤਿਮੂਰ ਤਕਾਚੈਂਕੋ ਨੇ ਦਿੱਤੀ ਜਾਣਕਾਰੀ



**ਕੀਵ:** ਯੂਕਰੇਨ ਦੀ ਰਾਜਧਾਨੀ ਕੀਵ 'ਤੇ ਇੱਕ ਹਫ਼ਤੇ ਦੇ ਅੰਦਰ ਹੋਏ ਰੂਸੀ ਹਮਲਿਆਂ ਵਿੱਚ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਹੈ। ਸ਼ਹਿਰ ਦੇ ਚੋਟੀ ਦੇ ਫੌਜੀ ਪ੍ਰਸ਼ਾਸਕ ਤਿਮੂਰ ਤਕਾਚੈਂਕੋ ਨੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 46 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚ ਪੰਜ ਬੱਚੇ ਵੀ ਸ਼ਾਮਲ ਹਨ। ਦੂਜੇ ਪਾਸੇ, ਕੀਵ ਖੇਤਰ ਦੇ ਹੋਰ ਇਲਾਕਿਆਂ ਵਿੱਚ ਵੀ ਤਿੰਨ ਲੋਕਾਂ ਦੀ ਮੌਤ ਹੋਈ ਹੈ। ਐਮਰਜੈਂਸੀ ਅਧਿਕਾਰੀਆਂ ਅਨੁਸਾਰ, 20 ਤੋਂ ਵੱਧ ਥਾਵਾਂ 'ਤੇ ਬਚਾਅ ਮੁਹਿੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਦੋ ਜ਼ਿਲ੍ਹਿਆਂ ਵਿੱਚ ਉੱਚੀਆਂ ਰਿਹਾਇਸ਼ੀ ਇਮਾਰਤਾਂ ਵੀ ਹਮਲੇ ਦੀ ਲਪੇਟ ਵਿੱਚ ਆਈਆਂ ਹਨ। ਇਹ ਹਮਲੇ ਤੁਰਕੀ ਵਿੱਚ ਹੋਣ ਵਾਲੇ ਨਾਟੋ (NATO) ਸਿਖਰ ਸੰਮੇਲਨ ਤੋਂ ਠੀਕ ਇੱਕ ਦਿਨ ਪਹਿਲਾਂ ਹੋਏ ਹਨ, ਜਿੱਥੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਹੋਣ ਦੀ ਉਮੀਦ ਹੈ। ਤਾਜ਼ਾ ਹਮਲਿਆਂ ਤੋਂ ਕੁਝ ਘੰਟੇ ਪਹਿਲਾਂ ਜ਼ੇਲੇਂਸਕੀ ਨੇ ਚੇਤਾਵਨੀ ਦਿੱਤੀ ਸੀ ਕਿ ਰੂਸ ਕੀਵ 'ਤੇ ਦੂਜਾ 'ਵੱਡਾ ਹਮਲਾ' ਕਰਨ ਦੀ ਤਿਆਰੀ ਕਰ ਰਿਹਾ ਹੈ। ਬੀਤੇ ਵੀਰਵਾਰ ਨੂੰ ਹੋਏ ਰੂਸੀ ਹਮਲਿਆਂ ਵਿੱਚ 30 ਲੋਕਾਂ ਦੀ ਮੌਤ ਹੋ ਗਈ ਸੀ। ਕੀਵ ਦੇ ਲੋਕਾਂ ਲਈ ਇਹ ਇੱਕ ਹੋਰ ਡਰਾਉਣੀ ਰਾਤ ਰਹੀ। ਸ਼ਹਿਰ ਵਿੱਚ ਲਗਾਤਾਰ ਤੇਜ਼ ਧਮਾਕਿਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਰਹੀਆਂ। ਹਮਲਿਆਂ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਜ਼ਮੀਨਦੋਜ਼ ਪਨਾਹਗਾਹਾਂ ਵਿੱਚ ਜਾ ਕੇ ਸ਼ਰਨ ਲਈ।

# Sexual assault, ਜਿਉਂਦੇ ਜੀਅ ਪਾਣੀ ਵਿੱਚ ਸੁੱਟਿਆ


## ਪੋਸਟਮਾਰਟਮ ’ਚ ਖੁਲਾਸਾ ਹੋਇਆ; ਬੱਚੀ ਦੀ ਛੱਪੜ ’ਚੋਂ ਮਿਲੀ ਸੀ ਲਾਸ਼




**ਕੋਲਕਾਤਾ।** ਕੋਲਕਾਤਾ ਤੋਂ ਲਗਪਗ 25 ਕਿਲੋਮੀਟਰ ਦੂਰ ਇੱਕ ਛੱਪੜ ਵਿੱਚ ਬੋਰੀ ’ਚੋਂ 11 ਸਾਲਾ ਬੱਚੀ ਦੀ ਲਾਸ਼ ਮਿਲਣ ਦੇ ਮਾਮਲੇ ’ਚ ਸ਼ੁਰੂਆਤੀ ਪੋਸਟਮਾਰਟਮ ਰਿਪੋਰਟ ਵਿੱਚ ਸਿਰ ’ਤੇ ਸੱਟਾਂ, ਜਿਨਸੀ ਸ਼ੋਸ਼ਣ ਅਤੇ ਜਿਉਂਦੇ ਜੀਅ ਪਾਣੀ ਵਿੱਚ ਸੁੱਟੇ ਜਾਣ ਦੇ ਸੰਕੇਤ ਮਿਲੇ ਹਨ। ਇਹ ਬੱਚੀ ਸ਼ਨਿਚਰਵਾਰ ਨੂੰ ਦੱਖਣੀ 24 ਪਰਗਨਾ ਦੇ ਬਾਰੂਈਪੁਰ ਸਥਿਤ ਆਪਣੇ ਘਰ ਤੋਂ ਸਹੇਲੀ ਲਈ ਜਨਮ ਦਿਨ ਦਾ ਤੋਹਫਾ ਖਰੀਦਣ ਨਿਕਲੀ ਸੀ ਅਤੇ ਲਾਪਤਾ ਹੋ ਗਈ। ਉਸ ਦੇ ਪਰਿਵਾਰ ਨੇ ਪੁਲੀਸ ਕੋਲ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਐਤਵਾਰ ਨੂੰ ਉਸ ਦੀ ਲਾਸ਼ ਬਰਾਮਦ ਹੋਈ। ਲਾਸ਼ ਮਿਲਣ ਤੋਂ ਤੁਰੰਤ ਬਾਅਦ, ਗੁੱਸੇ ਵਿੱਚ ਆਈ ਭੀੜ ਨੇ ਬੱਚੀ ਦੇ ਜਬਰ-ਜਨਾਹ ਅਤੇ ਕਤਲ ਵਿੱਚ ਸ਼ਾਮਲ ਹੋਣ ਦੇ ਸ਼ੱਕ ਵਿੱਚ ਇੱਕ ਵਿਅਕਤੀ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਸੀ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਅੱਜ ਦੱਸਿਆ ਕਿ ਪੋਸਟਮਾਰਟਮ ਦੀ ਸ਼ੁਰੂਆਤੀ ਜਾਂਚ ਵਿੱਚ ਬੱਚੀ ਦੇ ਗੁਪਤ ਅੰਗਾਂ ’ਤੇ ਸੱਟਾਂ ਦੇ ਨਿਸ਼ਾਨਾਂ ਤੋਂ ਇਲ-ਾਵਾ ਉਸ ਦੇ ਸਰੀਰ ਦੇ ਵੱਖ-ਵੱਖ ਹਿੱਸਿਆਂ ’ਤੇ ਖੁਰਚਣ ਅਤੇ ਦੰਦਾਂ ਨਾਲ ਵੱਢਣ ਦੇ ਨਿਸ਼ਾਨ ਮਿਲੇ ਹਨ। ਪੋਸਟਮਾਰਟਮ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਅਧਿਕਾਰੀ ਨੇ ਕਿਹਾ ਕਿ ਇਸ ਵਿੱਚ ਇਹ ਸੰਕੇਤ ਵੀ ਮਿਲਿਆ ਹੈ ਕਿ ਬੱਚੀ ਦੇ ਸਿਰ ’ਤੇ ਜਾਂ ਤਾਂ ਕਿਸੇ ਭਾਰੀ ਚੀਜ਼ ਨਾਲ ਹਮਲਾ ਕੀਤਾ ਗਿਆ ਸੀ ਜਾਂ ਫਿਰ ਉਸ ਦਾ ਸਿਰ ਕਿਸੇ ਸਖ਼ਤ ਜਗ੍ਹਾ ’ਤੇ ਮਾਰਿਆ ਗਿਆ ਸੀ।

# ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲਾ, ਰਾਮ ਮੰਦਰ ਟਰੱਸਟ ਨੇ ਚੰਪਤ ਰਾਏ ਦਾ ਅਸਤੀਫ਼ਾ ਕੀਤਾ ਮਨਜ਼ੂਰ

**ਅਯੋਧਿਆ:** ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲੇ ਵਿੱਚ ਚੰਪਤ ਰਾਏ ਦਾ ਟ੍ਰਸਟ ਤੋਂ ਅਸਤੀਫ਼ਾ ਮਨਜ਼ੂਰ ਹੋ ਗਿਆ ਹੈ। ਚੜ੍ਹਾਵਾ ਚੋਰੀ ਦੇ ਮਾਮਲੇ ਵਿੱਚ ਰਾਮ ਮੰਦਰ ਤੀਰਥ ਖੇਤਰ ਟ੍ਰਸਟ ਦੇ ਜਨਰਲ ਸਕੱਤਰ ਚੰਪਤ ਰਾਏ ਨੂੰ ਲੈ ਕੇ ਲਗਾਤਾਰ ਸਵਾਲ ਚੁੱਕੇ ਜਾ ਰਹੇ ਸਨ ਅਤੇ ਇਸ ਦੌਰਾਨ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਤੋਂ ਇਲ-ਾਵਾ ਅਨਿਲ ਮਿਸ਼ਰਾ ਨੇ ਵੀ ਅਸਤੀਫ਼ਾ ਦਿੱਤਾ ਸੀ। ਇਹ ਬੈਠਕ ਇਨ੍ਹਾਂ ਅਸਤੀਫ਼ਿਆਂ 'ਤੇ ਫੈਸਲਾ ਲੈਣ ਲਈ ਹੀ ਬੁਲਾਈ ਗਈ ਸੀ। ਹੁਣ ਚੰਪਤ ਰਾਏ ਟ੍ਰਸਟ ਦੇ ਜਨਰਲ ਸਕੱਤਰ ਦੇ ਅਹੁਦੇ 'ਤੇ ਨਹੀਂ ਰਹਿਣਗੇ। ਹਾਲਾਂਕਿ, ਟ੍ਰਸਟ ਦੇ ਨਿਯਮਾਂ ਅਨੁਸਾਰ ਉਹ ਮੈਂਬਰ ਬਣੇ ਰਹਿਣਗੇ, ਪਰ ਉਨ੍ਹਾਂ ਕੋਲ ਕੋਈ ਮਹੱਤਵਪੂਰਨ ਜਾਣਕਾਰੀ ਨਹੀਂ ਹੋਵੇਗੀ।



ਅੱਜ ਦੁਪਹਿਰ ਤਿੰਨ ਵਜੇ ਮਹੰਤ ਨ੍ਰਿਤਿਆ ਗੋਪਾਲ ਦਾਸ ਦੀ ਪ੍ਰਧਾਨਗੀ ਹੇਠ ਬੈਠਕ ਸ਼ੁਰੂ ਹੋਈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਮਾਮਲੇ 'ਤੇ ਅਫ਼ਸੋਸ ਪ੍ਰਗਟ ਕੀਤਾ। ਮਹੰਤ ਨ੍ਰਿਤਿਆ ਗੋਪਾਲ ਦਾਸ ਨੇ ਕਿਹਾ, 'ਇਸ ਪੂਰੇ ਘਟਨਾਕ੍ਰਮ ਤੋਂ ਮੈਂ ਦੁਖੀ ਹਾਂ। ਇਹ ਹਿੰਦੂਆਂ ਦੀ ਆਸਥਾ ਨਾਲ ਜੁੜਿਆ ਮਾਮਲਾ ਹੈ। ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।' ਇਸ ਤੋਂ ਬਾਅਦ ਖਜ਼ਾਨਚੀ ਸਵਾਮੀ ਗੋਵਿੰਦ ਦੇਵ ਗਿਰੀ ਨੇ ਮੀਟਿੰਗ ਦਾ ਏਜੰਡਾ ਰੱਖਿਆ। ਸਵਾਮੀ ਗੋਵਿੰਦ ਦੇਵ ਗਿਰੀ ਨੇ ਚੰਪਤ ਰਾਏ ਅਤੇ ਅਨਿਲ ਮਿਸ਼ਰਾ ਦੇ ਅਸਤੀਫ਼ੇ 'ਤੇ ਵਿਚਾਰ ਕਰਨ ਦਾ ਪ੍ਰਸਤਾਵ ਰੱਖਿਆ। ਟ੍ਰਸਟ ਦੀ ਬੈਠਕ ਵਿੱਚ ਸ਼ਾਮਲ ਸਾਧੂ-ਸੰਤਾਂ ਵੱਲੋਂ ਕਿਹਾ ਗਿਆ ਕਿ ਇਸ ਕਾਂਡ ਕਾਰਨ ਆਸਥਾ 'ਤੇ ਬਹੁਤ ਜ਼ਿਆਦਾ ਸਵਾਲ ਖੜ੍ਹੇ ਹੋਏ ਹਨ। ਟ੍ਰਸਟ ਦੀ ਬੈਠਕ ਵਿੱਚ ਗੋਵਿੰਦ ਗਿਰੀ ਨੇ ਕਿਹਾ ਕਿ ਬਹੁਤ ਵੱਡੀ ਗਲਤੀ ਹੋ ਗਈ ਹੈ। ਇਸ ਨਾਲ ਰਾਮ ਭਗਤਾਂ ਦੀ ਆਸਥਾ ਨੂੰ ਠੇਸ ਪਹੁੰਚੀ ਹੈ। ਕੁਝ ਥਾਵਾਂ 'ਤੇ ਕਮੀਆਂ ਸਨ, ਜਿਨ੍ਹਾਂ ਵੱਲ ਉਸ ਸਮੇਂ ਧਿਆਨ ਨਹੀਂ ਦਿੱਤਾ ਗਿਆ।

# ਅੰਮ੍ਰਿਤਸਰ ਪੁਲਿਸ ਵੱਲੋਂ ਵੱਡੀ ਕਾਰਵਾਈ, ਕਰੋੜਾਂ ਦੀ ਹੈਰੋਇਨ ਕੀਤੀ ਬਰਾਮਦ

**ਅੰਮ੍ਰਿਤਸਰ।** ਪੰਜਾਬ ਵਿੱਚ ਨਸ਼ਾ ਤਸਕਰਾਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਪੁਲਿਸ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ। ਇੱਕ ਸੂਹ 'ਤੇ ਕਾਰਵਾਈ ਕਰਦਿਆਂ, ਘਰਿੰਡਾ ਪੁਲਿਸ ਸਟੇਸ਼ਨ ਨੇ ਲਗਭਗ 11 ਕਿਲੋ 960 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਿਸ ਅਧਿਕਾਰੀਆਂ ਅਨੁਸਾਰ, ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਇੱਕ ਨਿਰੰਤਰ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਪਹਿਲਕਦਮੀ ਦੇ ਹਿੱਸੇ ਵਜੋਂ ਮਿਲੀ ਇੱਕ ਸੂਚਨਾ 'ਤੇ ਕਾਰਵਾਈ ਕਰਦਿਆਂ, ਪੁਲਿਸ ਨੇ ਇਹ ਵੱਡੀ ਖੇਪ ਬਰਾਮਦ ਕੀਤੀ। ਜ਼ਬਤ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੋੜਾਂ ਰੁਪਏ ਵਿੱਚ ਹੋਣ ਦਾ ਅਨੁਮਾਨ ਹੈ। ਪੁਲਿਸ ਨੇ ਸ਼ਾਮਲ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖੇਪ ਦੇ ਮੂਲ ਸਥਾਨ ਅਤੇ ਇਸ ਦੀ ਮੰਜ਼ਿਲ ਦਾ ਪਤਾ ਲਗਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ। ਜਾਂਚ ਏਜੰਸੀਆਂ ਇਸ ਤਸਕਰੀ ਕਾਰਵਾਈ ਨਾਲ ਜੁੜੇ ਪੂਰੇ ਨੈੱਟਵਰਕ ਦਾ




ਪਰਦਾਫਾਸ਼ ਕਰਨ ਲਈ ਕੰਮ ਕਰ ਰਹੀਆਂ ਹਨ। ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਸੂਬੇ ਵਿਚ ਨਸ਼ਾ ਤਸਕਰਾਂ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ ਅਪਣਾਈ ਗਈ ਹੈ, ਅਤੇ ਕਿਸੇ ਵੀ ਹਾਲਤ ਵਿਚ ਨਸ਼ੇ ਦੇ ਕਾਰੋਬਾਰ ਨੂੰ ਵਧਣ-ਫੁੱਲਣ ਨਹੀਂ ਦਿੱਤਾ ਜਾਵੇਗਾ। ਪੁਲਿਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਬੇਰੋਕ ਜਾਰੀ ਰਹੇਗੀ, ਅਤੇ ਇਸ ਗੈਰ-ਕਾਨੂੰਨੀ ਵਪਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਰੁਪਿਆ 25 ਪੈਸੇ ਟੁੱਟ ਕੇ 95.43 ਪ੍ਰਤੀ ਡਾਲਰ 'ਤੇ ਪਹੁੰਚਿਆ

## ਵਿਦੇਸ਼ੀ ਬਾਜ਼ਾਰ 'ਚ ਡਾਲਰ ਦੇ ਮਜ਼ਬੂਤ ਹੋਣ ਨਾਲ ਰੁਪਏ 'ਤੇ ਦਬਾਅ ਪਿਆ

**ਮੁੰਬਈ:** ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਅਮਰੀਕੀ ਮੁਦਰਾ ਦੇ ਮੁਕਾਬਲੇ ਰੁਪਿਆ ਸੋਮਵਾਰ ਨੂੰ 25 ਪੈਸੇ ਦੀ ਵੱਡੀ ਗਿਰਾਵਟ ਦੇ ਨਾਲ 95.43 'ਤੇ ਬੰਦ ਹੋਇਆ। ਵਿਦੇਸ਼ੀ ਬਾਜ਼ਾਰ 'ਚ ਡਾਲਰ ਦੇ ਮਜ਼ਬੂਤ ਹੋਣ ਨਾਲ ਰੁਪਏ 'ਤੇ ਦਬਾਅ ਪਿਆ।



ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਰੁਪਿਆ 95.25 ਪ੍ਰਤੀ ਡਾਲਰ 'ਤੇ ਖੁੱਲ੍ਹਿਆ। ਕਾਰੋਬਾਰ ਦੌਰਾਨ ਇਹ ਡਾਲਰ ਦੇ ਮੁਕਾਬਲੇ 95.22 ਤੋਂ 95.48 ਦੇ ਦਾਇਰੇ ਵਿੱਚ ਰਿਹਾ। ਅੰਤ ਵਿੱਚ ਰੁਪਿਆ 95.43 ਪ੍ਰਤੀ ਡਾਲਰ 'ਤੇ ਬੰਦ ਹੋਇਆ, ਜੋ ਪਿਛਲੇ ਬੰਦ ਭਾਅ ਦੇ ਮੁਕਾਬਲੇ 25 ਪੈਸੇ ਦੀ ਗਿਰਾਵਟ ਹੈ। ਰੁਪਿਆ ਸ਼ੁੱਕਰਵਾਰ ਨੂੰ 17 ਪੈਸੇ ਮਜ਼ਬੂਤ ਹੋ ਕੇ ਅਮਰੀਕੀ ਡਾਲਰ ਦੇ ਮੁਕਾਬਲੇ 95.18 'ਤੇ ਬੰਦ ਹੋਇਆ ਸੀ। ਮਿਰਾਏ ਐਸੇਟ ਸ਼ੇਅਰਖਾਨ ਦੇ ਖੋਜ ਵਿਸ਼ਲੇਸ਼ਕ ਅਨੁਜ ਚੌਧਰੀ ਨੇ ਕਿਹਾ, ''ਅਮਰੀਕੀ ਡਾਲਰ ਦੇ ਮਜ਼ਬੂਤ ਹੋਣ ਨਾਲ ਰੁਪਿਆ ਕਮਜ਼ੋਰ ਹੋਇਆ, ਕਿਉਂਕਿ ਬਾਜ਼ਾਰ ਵਿੱਚ ਇਸ ਸਾਲ ਅਜੇ ਵੀ ਵਿਆਜ ਦਰਾਂ ਵਿੱਚ ਵਾਧੇ ਦੇ ਆਸਾਰ ਹਨ। ਹਾਲਾਂਕਿ, ਘਰੇਲੂ ਸ਼ੇਅਰ ਬਾਜ਼ਾਰ ਵਿੱਚ ਮਜ਼ਬੂਤੀ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਨਰਮੀ ਨੇ ਰੁਪਏ ਨੂੰ ਕੁਝ ਸਮਰਥਨ ਦਿੱਤਾ।'' ਚੌਧਰੀ ਨੇ ਕਿਹਾ ਕਿ ਡਾਲਰ ਦੇ ਮੁਕਾਬਲੇ ਰੁਪਏ ਦਾ ਹਾਜ਼ਰ ਭਾਅ 95.10 ਤੋਂ 95.60 ਦੇ ਦਾਇਰੇ ਵਿੱਚ ਰਹਿਣ ਦਾ ਅਨੁਮਾਨ ਹੈ। ਇਸ ਦੌਰਾਨ, ਦੁਨੀਆ ਦੀਆਂ ਛੇ ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਨੂੰ ਦਰਸਾਉਣ ਵਾਲਾ ਡਾਲਰ ਸੂਚਕਾਂਕ 0.26 ਫੀਸਦੀ ਦੇ ਵਾਧੇ ਨਾਲ 101.12 'ਤੇ ਰਿਹਾ। ਅੰਤਰਰਾਸ਼ਟਰੀ ਮਿਆਰ ਬ੍ਰੈਂਟ ਕਰੂਡ (ਕੱਚਾ ਤੇਲ) ਦਾ ਭਾਅ 0.76 ਫੀਸਦੀ ਦੀ ਗਿਰ-ਾਵਟ ਨਾਲ 71.57 ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਰਿਹਾ। ਘਰੇਲੂ ਸ਼ੇਅਰ ਬਾਜ਼ਾਰਾਂ ਵਿੱਚ ਸੈਂਸੈਕਸ 521.16 ਅੰਕ ਚੜ੍ਹ ਕੇ 78,285.07 ਅੰਕ 'ਤੇ ਜਦੋਂ ਕਿ ਨਿਫਟੀ 159.50 ਅੰਕਾਂ ਦੇ ਵਾਧੇ ਨਾਲ 24,430.35 ਅੰਕ 'ਤੇ ਪਹੁੰਚ ਗਿਆ।

ਸ਼ੇਅਰ ਬਾਜ਼ਾਰ ਦੇ ਅੰਕੜਿਆਂ ਮੁਤਾਬਕ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (FII) ਨੇ ਸੋਮਵਾਰ ਨੂੰ ਸ਼ੁੱਧ ਰੂਪ (ਨਟ) ਵਿੱਚ 243.03 ਕਰੋੜ ਰੁਪਏ ਦੇ ਸ਼ੇਅਰ ਖਰੀਦੇ।

ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਦੱਸਿਆ ਕਿ ਵਿਦੇਸ਼ੀ ਨਿਵੇਸ਼ ਆਉਣ 'ਤੇ ਭਾਰਤੀ ਰਿਜ਼ਰਵ ਬੈਂਕ (RBI) ਰੁਪਏ ਨੂੰ ਬਹੁਤ ਜ਼ਿਆਦਾ ਮਜ਼ਬੂਤ ਹੋਣ ਦੇਣ ਦੀ ਬਜਾਏ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਫਿਰ ਤੋਂ ਵਧਾਉਣ ਦਾ ਯਤਨ ਕਰਦਾ ਹੈ।

ਆਰ.ਬੀ.ਆਈ. ਵੱਲੋਂ ਸ਼ੁੱਕਰਵਾਰ ਨੂੰ ਜਾਰੀ ਅੰਕੜਿਆਂ ਅਨੁਸਾਰ, 26 ਜੂਨ ਨੂੰ ਖ਼ਤਮ ਹੋਏ ਹਫ਼ਤੇ ਵਿੱਚ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 5.65 ਅਰਬ ਡਾਲਰ ਘਟ ਕੇ 666.93 ਅਰਬ ਡਾਲਰ ਰਹਿ ਗਿਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਹਿਮਾਚਲ ਐਂਟਰੀ ਟੈਕਸ ਨਹੀਂ ਹਟਾਇਆ ਜਾਵੇਗਾ : ਮੁੱਖ ਮੰਤਰੀ ਸੁੱਖੂ

**ਨੰਗਲ :** ਹਿਮਾਚਲ ਐਂਟਰੀ ਟੈਕਸ ਹਟਾਉਣ ਨੂੰ ਉਦੋਂ ਵਿਰਾਮ ਲੱਗ ਗਿਆ ਜਦੋਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਇਸ ਨੂੰ ਹਟਾਉਣ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਦਸਿਆ ਕਿ ਹਿਮਾਚਲ ਐਂਟਰੀ ਟੈਕਸ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਵਾਹਨਾਂ ਦੇ ਲੱਗੇ ਟੈਕਸ ਨੂੰ ਘਟਾਇਆ ਜਾ ਸਕਦਾ ਹੈ। ਇਸ ਸਬੰਧੀ ਉਨ੍ਹਾਂ ਸਬੰਧਤ ਵਿਭਾਗ ਅਤੇ ਠੇਕੇਦਾਰ ਨੂੰ ਟੈਕਸ ਘਟਾਉਣ ਦੀਆਂ ਹਦਾਇਤਾਂ ਜਾਰੀ ਕਰ ਦਿਤੀਆਂ ਹਨ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਨਾਲ ਲੱਗਦੇ ਸਰਹਦੀ ਪੰਜਾਬ ਦੇ ਪਿੰਡ ਜੋ 5 ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਹਨ ਉਨ੍ਹਾਂ ਨੂੰ ਹਿਮਾਚਲ ਐਂਟਰੀ ਟੈਕਸ ਤੋਂ ਛੋਟ ਦਿਤੀ ਗਈ ਹੈ। ਇਸ ਸਬੰਧੀ ਸਰਹੱਦੀ ਪਿੰਡਾਂ ਦੇ ਲੋਕਾਂ ਦੇ ਵਾਹਨਾਂ ਦੇ ਹਿਮਾਚਲ ਐਂਟਰੀ ਪਾਸ ਜਲਦੀ ਬਣਨੇ ਸ਼ੁਰੂ ਹੋ ਜਾਣਗੇ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਇਸ ਬਿਆਨ ਨੂੰ ਲੈ ਕੇ ਨੰਗਲ ਦੇ ਸਾਬਕਾ ਕੌਂਸਲਰ ਐਡਵੋਕੇਟ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਹੁਣ ਪੰਜਾਬ ਨੂੰ ਅਪਣੀਆਂ ਹੱਦਾਂ 'ਤੇ ਟੋਲ ਟੈਕਸ ਲਗਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵਲੋਂ ਪੰਜਾਬ ਦੀ ਸਰਹੱਦ ਨਾਲ ਲੱਗਦੇ ਮਹਿਤਪੁਰ ਏਰੀਏ ਵਿਚ ਪੰਜਾਬ ਵਾਲੇ ਪਾਸੇ ਟੋਲ ਟੈਕਸ ਲਗਾਉਣ ਲਈ ਇਕ ਮਤਾ ਪਾਸ ਕੀਤਾ ਗਿਆ ਸੀ ਜਿਸ ਨੂੰ ਉਨ੍ਹਾਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਲਾਗੂ ਕਰਨ ਦੀ ਮੰਗ ਕੀਤੀ ਹੈ।



ਹਿਮਾਚਲ ਪ੍ਰਦੇਸ਼ ਸਰਕਾਰ ਵਲੋਂ ਪੰਜਾਬ ਤੋਂ ਆਉਣ ਵਾਲੀਆਂ ਵਪਾਰਕ ਗੱਡੀਆਂ ਅਤੇ ਟੈਕਸੀਆਂ 'ਤੇ ਲਗਾਏ ਜਾ ਰਹੇ ਐਂਟਰੀ ਟੈਕਸ ਦੇ ਵਿਰੋਧ ਵਿਚ ਪੰਜਾਬ ਮੋਰਚਾ ਦੀ ਕਨਵੀਨਰ ਗੌਰਵ ਰਾਣਾ ਨੇ ਕਿਹਾ ਹੈ ਕਿ ਜਦੋਂ ਤਕ ਹਿਮਾਚਲ ਸਰਕਾਰ ਐਂਟਰੀ ਟੈਕਸ ਬੰਦ ਨਹੀਂ ਕਰਦੀ ਉਦੋਂ ਤਕ ਸੰਘਰਸ਼ ਜਾਰੀ ਰਹੇਗਾ। ਰਾਣਾ ਨੇ ਕਿਹਾ ਕਿ ਇਸ ਮੁੱਦੇ ਨੂੰ ਲੈ ਕੇ ਰੋਸ ਵਜੋਂ ਅੱਜ ਨੂਰਪੁਰ ਬੇਦੀ ਵਿਖੇ ਵਿਖੇ ਇਕ ਰੋਸ ਮਾਰਚ ਕਢਿਆ ਜਾਵੇਗਾ ਅਤੇ ਹਿਮਾਚਲ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਵਿੱਚ ਵੇਣਨਾ ਨਦੀ 'ਤੇ ਬਣਿਆ ਇੱਕ ਛੋਟਾ ਪੁਲ ਅਚਾਨਕ ਟੁੱਟਿਆ, ਕਈ ਸੈਲਾਨੀ ਫਸੇ



**ਸਤਾਰਾ:** ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਵਿੱਚ ਸਥਿਤ ਮਸ਼ਹੂਰ ਹਿੱਲ ਸਟੇਸ਼ਨ ਮਹਾਬਲੇਸ਼ਵਰ ਵਿੱਚ ਲਗਾਤਾਰ ਹੋ ਰਹੀ ਮੂਸਲਾਧਾਰ ਬਾਰਸ਼ ਨੇ ਹਾਲਾਤ ਮੁਸ਼ਕਲ ਕਰ ਦਿੱਤੇ ਹਨ। ਭਾਰੀ ਬਾਰਸ਼ ਦੇ ਵਿਚਕਾਰ ਵੇਣਨਾ ਲੇਕ ਇਲਾਕੇ ਵਿੱਚ ਵੇਣਨਾ ਨਦੀ 'ਤੇ ਬਣਿਆ ਇੱਕ ਛੋਟਾ ਪੁਲ ਅਚਾਨਕ ਟੁੱਟ ਗਿਆ, ਜਿਸ ਕਾਰਨ ਕਈ ਸੈਲਾਨੀ ਦੂਜੇ ਪਾਸੇ ਫਸ ਗਏ। ਜਾਣਕਾਰੀ ਮੁਤਾਬਕ ਪੂਲ ਟੁੱਟਣ ਕਾਰਨ ਸੜਕੀ ਸੰਪਰਕ ਟੁੱਟ ਗਿਆ ਅਤੇ ਦੂਜੇ ਪਾਸੇ ਮੌਜੂਦ ਹੋਟਲਾਂ ਵਿੱਚ ਠਹਿਰੇ ਸੈਲਾਨੀ ਬਾਹਰ ਨਹੀਂ ਨਿਕਲ ਸਕੇ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪ੍ਰਸ਼ਾਸਨ ਅਤੇ ਰਾਹਤ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਬਚਾਅ ਕਾਰਜ ਲਗਾਤਾਰ ਜਾਰੀ ਹਨ। ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੈਲਾਨੀਆਂ ਦੇ ਵਾਹਨਾਂ ਨੂੰ ਵੀ ਕਰੇਨ ਦੀ ਮਦਦ ਨਾਲ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਰਿਹਾ ਹੈ। ਦੂਜੇ ਪਾਸੇ ਲਗਾਤਾਰ ਹੋ ਰਹੀ ਬਾਰਸ਼ ਕਾਰਨ ਵੇਣਨਾ ਲੇਕ ਅਤੇ ਲਿੰਗਮਾਲਾ ਖੇਤਰ ਦੇ ਕਈ ਘਰਾਂ ਦੇ ਆਲੇ-ਦੁਆਲੇ ਪਾਣੀ ਭਰ ਗਿਆ ਹੈ, ਜਿਸ ਨਾਲ ਸਥਾਨਕ ਲੋਕਾਂ ਦੀਆਂ ਪਰੇਸ਼ਾਨੀਆਂ ਵੀ ਵਧ ਗਈਆਂ ਹਨ। ਮਹਾਬਲੇਸ਼ਵਰ ਵਿੱਚ ਬਾਰਸ਼ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪਿਛਲੇ 24 ਘੰਟਿਆਂ ਵਿੱਚ ਇੱਥੇ 513 ਮਿਲੀਮੀਟਰ ਬਾਰਸ਼ ਦਰਜ ਕੀਤੀ ਗਈ ਹੈ, ਜੋ ਕਿ ਆਮ ਨਾਲੋਂ ਕਾਫ਼ੀ ਜ਼ਿਆਦਾ ਹੈ।

## ਜਲੰਧਰ ਵਿਚ ਵਾਪਰੇ ਹਾਦਸੇ ਵਿਚ ਇਕੋ ਪ੍ਰਵਾਰ ਦੇ 3 ਜੀਆਂ ਦੀ ਮੌਤ

**ਜਲੰਧਰ**–ਅੰਮ੍ਰਿਤਸਰ ਰਾਸ਼ਟਰੀ ਰਾਜਮਾਰਗ 'ਤੇ ਵਿਧੀਪੁਰ ਫਲਾਈਓਵਰ ਨੇੜੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਜਦਕਿ ਤਿੰਨ ਛੋਟੀਆਂ ਬੱਚੀਆਂ ਗੰਭੀਰ ਜ਼ਖ਼ਮੀ ਹੋ ਗਈਆਂ। ਮ੍ਰਿਤਕਾਂ ਦੀ ਪਛਾਣ ਸੁਰਿੰਦਰ ਸ਼ੁਕਲਾ, ਉਸ ਦੀ ਪਤਨੀ ਪ੍ਰਿਯੰਕਾ ਅਤੇ ਉਸ ਦੀ ਮਾਂ ਯਵੰਤੀ ਵਜੋਂ ਹੋਈ ਹੈ। ਸਾਰੇ ਲੁਧਿਆਣਾ ਦੇ ਬਿਲਾਸਪੁਰ ਪਿੰਡ ਦੇ ਰਹਿਣ ਵਾਲੇ ਹਨ।



ਰਿਪੋਰਟਾਂ ਅਨੁਸਾਰ, ਸੁਰਿੰਦਰ ਸ਼ੁਕਲਾ ਆਪਣੇ ਪਰਿਵਾਰ ਨਾਲ ਇੱਕ ਕਾਰ ਵਿੱਚ ਬਿਆਸ ਵੱਲ ਜਾ ਰਹੇ ਸਨ। ਜਿਵੇਂ ਹੀ ਉਹ ਵਿਧੀਪੁਰ ਫਲਾਈਓਵਰ 'ਤੇ ਪਹੁੰਚੇ, ਹਾਈਵੇਅ 'ਤੇ ਗਲਤ ਦਿਸ਼ਾ ਤੋਂ ਆ ਰਹੀ ਇੱਕ ਇਨ-ੋਵਾ ਤੇਜ਼ ਰਫ਼ਤਾਰ ਨਾਲ ਉਨ੍ਹਾਂ ਦੀ ਸਵਿਫਟ ਕਾਰ ਨਾਲ ਟਕਰਾ ਗਈ। ਪਰਿਵਾਰਿਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਟੱਕਰ ਤੋਂ ਬਾਅਦ, ਇਨੋਵਾ ਦਾ ਡਰਾਈਵਰ ਖੂਨ ਨਾਲ ਲੱਥਪੱਥ ਪੀੜਤਾਂ ਦੀ ਮਦਦ ਕਰਨ ਜਾਂ ਉਨ੍ਹਾਂ ਨੂੰ ਹਸਪਤਾਲ ਲਿਜਾਣ ਦੀ ਬਜਾਏ ਮੌਕੇ ਤੋਂ ਭੱਜ ਗਿਆ। ਲੁਧਿਆਣਾ ਦੇ ਬਿਲਾਸਪੁਰ ਪਿੰਡ ਦਾ ਨਿਵਾਸੀ ਸੁਰਿੰਦਰ ਸ਼ੁਕਲਾ ਹਾਦਸੇ ਵਿੱਚ ਸ਼ਾਮਲ ਸਵਿਫਟ ਕਾਰ ਚਲਾ ਰਿਹਾ ਸੀ; ਉਸਦੀ ਪਤਨੀ ਪ੍ਰਿਯੰਕਾ, ਉਸ ਦੀ ਮਾਂ ਯਵੰਤੀ ਅਤੇ ਉਸ ਦੀਆਂ ਤਿੰਨ ਧੀਆਂ ਉਸ ਦੇ ਨਾਲ ਸਨ। ਹਾਦਸੇ ਸਮੇਂ ਪ੍ਰਿਯੰਕਾ ਦੀ ਮੌਤ ਹੋ ਗਈ, ਜਦੋਂ ਕਿ ਸੁਰਿੰਦਰ ਰਾਤ 8 ਵਜੇ ਜ਼ਿੰਦਗੀ ਦੀ ਲੜਾਈ ਹਾਰ ਗਿਆ, ਅਤੇ ਉਸ ਦੀ ਬਜ਼ੁਰਗ ਮਾਂ ਯਵੰਤੀ ਦਾ ਵੀ ਉਸੇ ਵਜੇ ਦੇਹਾਂਤ ਹੋ ਗਿਆ। ਟੱਕਰ ਵਿੱਚ ਕਾਰ ਵਿੱਚ ਸਵਾਰ ਤਿੰਨ ਛੋਟੀਆਂ ਕੁੜੀਆਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ ਅਤੇ ਇਸ ਸਮੇਂ ਹਸਪਤਾਲ ਵਿੱਚ ਇਲਾਜ ਅਧੀਨ ਹਨ।

# ਮਣੀਪੁਰ 'ਚ ਅੱਤਵਾਦੀ ਹਮਲਾ, ਅਸਾਮ ਰਾਈਫਲਜ਼ ਦੇ ਦੋ ਜਵਾਨ ਸ਼ਹੀਦ, ਕਈ ਜ਼ਖਮੀ

## ਸੂਬੇ ਦੇ ਗ੍ਰਹਿ ਮੰਤਰੀ ਗੋਵਿੰਦਾਸ ਕੋਂਥੌਜਮ ਨੇ ਹਮਲੇ ਦੀ ਕੀਤੀ ਨਿੰਦਾ



**ਇੰਫਾਲ/ਨਵੀਂ ਦਿੱਲੀ :** ਮਣੀਪੁਰ ਦੇ ਉਖਰੁਲ ਜ਼ਿਲ੍ਹੇ ਵਿੱਚ ਸ਼ੱਕੀ ਅੱਤਵਾਦੀਆਂ ਵਲੋਂ ਕੀਤੇ ਗਏ ਇੱਕ ਹਮਲੇ ਵਿੱਚ ਅਸਾਮ ਰਾਈਫਲਜ਼ ਦੇ ਦੋ ਜਵਾਨ ਸ਼ਹੀਦ ਹੋ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਪਹਾੜੀ ਜ਼ਿਲ੍ਹੇ ਦੇ ਨੁੰਗਸ਼ਾਂਗ ਖੋਂਗ ਇਲਾਕੇ ਵਿੱਚ ਦੁਪਹਿਰ ਕਰੀਬ 1:30 ਵਜੇ ਵਾਪਰੀ, ਜਦੋਂ ਸ਼ੱਕੀ ਅੱਤਵਾਦੀਆਂ ਨੇ ਨੀਮ ਫ਼ੌਜੀ ਬਲ ਦੇ ਕਾਫਲੇ 'ਤੇ ਗੋਲੀਬਾਰੀ ਕਰ ਦਿੱਤੀ। ਸੂਬੇ ਦੇ ਗ੍ਰਹਿ ਮੰਤਰੀ ਗੋਵਿੰਦਾਸ ਕੋਂਥੌਜਮ ਨੇ ਸੁਰੱਖਿਆ ਬਲਾਂ 'ਤੇ ਹੋਏ ਇਸ ਹਮਲੇ ਦੀ ਨਿੰਦਾ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਅਜਿਹੀ ਘਟਨਾ ਹਿੰਸਾ ਪ੍ਰਭਾਵਿਤ ਸੂਬੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਦੀ ਹੈ। ਯ 'ਤੇ ਇੱਕ ਪੋਸਟ ਵਿੱਚ, ਮੰਤਰੀ ਨੇ ਕਿਹਾ, ''ਮੈਂ ਉਖਰੁਲ ਦੇ ਨੁੰਗਸ਼ਾਂਗ ਕੋਂਗ ਵਿਖੇ 40 ਅਸਾਮ ਰਾਈਫਲਜ਼ ਦੇ ਕਾਫਲੇ 'ਤੇ ਹੋਏ ਮੰਦਭਾਗੇ ਹਮਲੇ ਤੋਂ ਡੂੰਘਾ ਦੁਖੀ ਹਾਂ।'' ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਸੁਰੱਖਿਆ ਬਲ ਇਹ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕਣਗੇ ਕਿ ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਨਾਲ ਕਾਨੂੰਨ ਅਨੁਸਾਰ ਸਖ਼ਤੀ ਨਾਲ ਨਿਪਟਿਆ ਜਾਵੇ।

ਤਿੰਨ ਸਾਲ ਪਹਿਲਾਂ ਜਾਤ ਅਧਾਰਤ ਹਿੰਸਾ ਭੜਕਣ ਤੋਂ ਬਾਅਦ ਸੁਰੱਖਿਆ ਬਲ ਪੂਰੇ ਮਣੀਪੁਰ ਵਿੱਚ ਸਰਹੱਦੀ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਤਲਾਸ਼ੀ ਮੁਹਿੰਮ ਅਤੇ ਇਲਾਕਾ ਦਬਦਬਾ ਕਾਰਵਾਈਆਂ ਚਲਾ ਰਹੇ ਹਨ। ਮਈ 2023 ਤੋਂ ਮੈਤਈ ਅਤੇ ਕੁਕੀ-ਜ਼ੋ ਸਮੂਹਾਂ ਵਿਚਕਾਰ ਹੋਈ ਹਿੰਸਾ ਵਿੱਚ 260 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਦੀ ਨੀਤੀ ਦਾ ਪੁਰਜੋਰ ਵਿਰੋਧ

**ਲੁਧਿਆਣਾ 6 ਜੁਲਾਈ (ਕਰਨੈਲ ਸਿੰਘ ਐੱਮ.ਏ.)** ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਨੇ ਪੰਜਾਬ ਸਰਕਾਰ ਦੇ ਕੈਬਨਿਟ ਵੱਲੋਂ ਲੈਂਡ ਪੂਲਿੰਗ ਦੀ ਪੁਰਾਣੀ ਨੀਤੀ ਵਿੱਚ ਮਾਮੂਲੀ ਜਿਹੀਆਂ ਸੋਧਾਂ ਕਰਕੇ ਪਾਸ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਇਹ ਨੀਤੀ ਸਰਕਾਰ ਦੀ ਕਿਸਾਨ ਵਿਰੋਧੀ, ਖੁਰਾਕ ਸੁਰੱਖਿਆ ਵਿਰੋਧੀ, ਬਿਲਡਰਾਂ ਦੇ ਹੱਕ ਦੇ ਵਿੱਚ ਸੋਚ ਨੂੰ ਉਜਾਗਰ ਕਰਦੀ ਹੈ। ਚੇਤੇ ਰਹੇ ਕਿ ਕੁਝ ਸਾਲ ਪਹਿਲਾਂ ਕੇਂਦਰੀ ਸਰਕਾਰ ਨੇ ਜ਼ਮੀਨ ਹੜੱਪੂ ਨੀਤੀ ਲੈ ਕੇ ਆਂਦੀ ਸੀ ਜਿਸਦਾ ਕਿ ਦੇਸ਼ ਭਰ ਵਿੱਚ ਕਿਸਾਨਾਂ, ਪ੍ਰਗਤੀਸ਼ੀਲ ਤੇ ਸੰਵੇਦਨਸ਼ੀਲ ਨਾਗਰਿਕਾਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ। ਇਸੇ ਢੰਗ ਨਾਲ ਕੁਝ ਸਮਾਂ ਪਹਿਲਾਂ ਪੰਜਾਬ ਸਰਕਾਰ ਜੋ ਲੈਂਡ ਪੂਲਿੰਗ ਦੀ ਨੀਤੀ ਲੈ ਕੇ ਆਈ ਸੀ, ਦਾ ਵੀ ਪੁਰਜ਼ੋਰ ਵਿਰੋਧ ਹੋਇਆ ਸੀ ਜਿਸ ਉਪਰੰਤ ਇਹ ਨੀਤੀ ਪੰਜਾਬ ਸਰਕਾਰ ਵੱਲੋਂ ਵਾਪਸ ਲੈ ਲਈ ਗਈ ਸੀ। ਹੁਣ ਫੇਰ ਉਹੀ ਨੀਤੀ ਮਾਮੂਲੀ ਜਿਹੀਆਂ ਸੋਧਾਂ ਕਰਕੇ ਦੁਬਾਰਾ ਲਿਆਂਦੀ ਗਈ ਹੈ। ਇਹ ਨਾ ਕੇਵਲ ਕਿਸਾਨ ਵਿਰੋਧੀ ਫੈਸਲਾ ਹੈ ਬਲਕਿ ਖੁਰਾਕ ਸੁਰੱਖਿਆ ਲਈ ਇੱਕ ਵੱਡਾ ਖਤਰਾ ਹੈ। ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਜੋ



ਕਿ ਸਾਰੇ ਦੇਸ਼ ਦੀਆਂ ਖੁਰਾਕ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮੋਢੀ ਰੋਲ ਅਦਾ ਕਰਦਾ ਹੈ। ਇਸ ਢੰਗ ਦੇ ਨਾਲ ਉਪਜਾਊ ਜ਼ਮੀਨ ਨੂੰ ਬਿਲਡਰਾਂ ਦੇ ਹਵਾਲੇ ਕਰ ਦੇਣਾ ਕਿਸਾਨਾਂ ਦੇ ਰੋਜ਼ਗਾਰ ਤੇ ਸੱਟ ਮਾਰੇਗਾ ਤੇ ਨਾਲ ਹੀ ਖੇਤੀਬਾੜੀ ਘੱਟ ਜਾਏਗੀ। ਪੰਜਾਬ ਵਿੱਚ ਦੇਸ਼ ਦੇ 51% ਦੇ ਮੁਕਾਬਲੇ ਵਿੱਚ 83% ਜ਼ਮੀਨ ਖੇਤੀ ਅਧੀਨ ਹੈ। ਇਸ ਨੀਤੀ ਦੇ ਨਾਲ ਉਪਜਾਊ ਜ਼ਮੀਨ ਨੂੰ ਕੰਨਕਰੀਟ ਵਿੱਚ ਬਦਲ ਦਿੱਤਾ ਜਾਏਗਾ ਜਿਸ ਦਾ ਖਮਿਆਜ਼ਾ ਨਾ ਕੇਵਲ ਕਿਸਾਨਾਂ ਨੂੰ ਜਿਨ੍ਹਾਂ ਦੀ ਕਿ ਰੋਜ਼ਮਰਾ ਦੀ ਆਮਦਨੀ ਦੇ ਸਾਧਨ ਸਮਾਪਤ ਹੋ ਜਾਣਗੇ ਬਲਕਿ ਸਮੁੱਚੇ ਦੇਸ਼ ਨੂੰ ਖੁਰਾਕ ਸੁਰੱਖਿਆ ਦਾ ਸੰਕਟ ਖੜਾ ਹੋ ਜਾਏਗਾ। ਇਸ ਨੀਤੀ ਦਾ ਖੇਤੀਬਾੜੀ ਨਾਲ ਸੰਬੰਧਿਤ ਸਹਾਇਕ ਉਦਯੋਗਾਂ 'ਤੇ ਵੀ ਮਾੜਾ ਅਸਰ ਪਵੇਗਾ। ਇਹ ਨੀਤੀ ਇਸ ਗੱਲ ਦਾ ਵੀ ਸ਼ੱਕ ਪੈਦਾ ਕਰਦੀ ਹੈ ਕਿ ਕਿਤੇ ਇਹ ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਪ੍ਰਭਾਵਿਤ ਤਾਂ ਨਹੀਂ ਹੈ, ਜਿਸ ਦੇ ਤਹਿਤ ਭਾਰਤੀ ਖੇਤੀਬਾੜੀ ਨੂੰ ਗੰਭੀਰ ਨੁਕਸਾਨ ਪਹੁੰਚਣ ਵਾਲਾ ਹੈ। ਪੰਜਾਬ ਦੇ ਕਿਸਾਨਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਸਮੁੱਚੇ ਦੇਸ਼ ਨੂੰ ਅੰਨ ਮੁਹੱਈਆ ਕਰਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਅਸੀਂ ਪੰਜਾਬ ਸਰਕਾਰ ਤੋਂ ਪੁਰ-ਜ਼ੋਰ ਮੰਗ ਕਰਦੇ ਹਾਂ ਕਿ ਇਸ ਫ਼ੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ। ਇਸ ਦੀ ਬਜਾਏ ਸਰਕਾਰ ਨੂੰ ਖੇਤੀਬਾੜੀ ਨੂੰ ਹੋਰ ਉਤਸ਼ਾਹਿਤ ਕਰਦੇ ਹੋਏ ਪੇਂਡੂ ਖੇਤਰਾਂ ਵਿੱਚ ਐਗਰੋ-ਇੰਡਸਟਰੀਆਂ ਸਥਾਪਿਤ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਖੇਤੀਬਾੜੀ ਖੇਤਰ ਨੂੰ ਟਿਕਾਊ ਵਿਕਾਸ ਦੀ ਰਾਹ 'ਤੇ ਅੱਗੇ ਵਧਾਇਆ ਜਾ ਸਕੇ। ਇਸ ਦੇ ਨਾਲ ਹੀ ਖੇਤੀਬਾੜੀ ਦਾ ਵਿਭਿੰਨਕਰਨ ਕੀਤਾ ਜਾਵੇ, ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਦਾ ਵਾਜਬ ਅਤੇ ਲਾਹੇਵੰਦ ਮੁੱਲ ਮਿਲ ਸਕੇ। ਡੇਅਰੀ, ਪੋਲਟਰੀ, ਮਧੂ-ਮੱਖੀ ਪਾਲਣ ਅਤੇ ਖੇਤੀਬਾੜੀ ਨਾਲ ਸੰਬੰਧਿਤ ਹੋਰ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਵੀ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ। ਇਹ ਬਿਆਨ ਕਾਮਰੇਡ ਡੀ.ਪੀ. ਮੌੜ, ਜ਼ਿਲ੍ਹਾ ਸਕੱਤਰ, ਸੀ.ਪੀ.ਆਈ., ਐਮ.ਐਸ. ਭਾਟੀਆ, ਚਮਕੌਰ ਸਿੰਘ, ਡਾ: ਰਜਿੰਦਰ ਪਾਲ ਔਲਖ (ਸਹਾਇਕ ਸਕੱਤਰ), ਡਾ: ਅਰੁਣ ਮਿੱਤਰਾ, ਰਮੇਸ਼ ਰਤਨ, ਕੇਵਲ ਸਿੰਘ ਬਨਵੈਤ, ਵਿਜੇ ਕੁਮਾਰ ਅਤੇ ਨਰੇਸ਼ ਗੌੜ ਵੱਲੋਂ ਜਾਰੀ ਕੀਤਾ ਗਿਆ ਹੈ।

# ਗਵਾਲੀਅਰ ਅਦਾਲਤ ਵਿੱਚ ਬਾਬਾ ਸਾਹਿਬ ਜੀ ਦਾ ਬੁੱਤ ਸਥਾਪਤ ਕੀਤਾ ਜਾਵੇ-ਮੇਜਰ ਬੀਸਲਾ

**ਬੰਗਾ (ਚਰਨਜੀਤ ਸੱਲ੍ਹਾ):**-ਦਲਿਤਾਂ ਦੇ ਮਸੀਹਾ, ਯੁੱਗ ਪਲਟਾਊ, ਸੰਵਿਧਾਨ ਨਿਰਮਾਤਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੀ ਪ੍ਰਤਿਮਾ ਸਬੰਧੀ ਜ਼ਿਕਰ ਕਰਦਿਆਂ ਸਾਹਿਬ ਸ੍ਰੀ ਕਾਂਸ਼ੀ ਰਾਮ ਨਾਲ ਮੋਹਰਲੀ ਕਤਾਰ ਵਿੱਚ ਕੰਮ ਕਰਨ ਵਾਲੇ ਅਤੇ ਅਜਾਦ ਸਮਾਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਬੀਸਲਾ ਨੇ ਕਿਹਾ ਕਿ ਮੱਧ ਪ੍ਰਦੇਸ਼ ਦੀ ਗਵਾਲੀਅਰ ਹਾਈਕੋਰਟ ਵਿੱਚ ਬਾਬਾ ਸਾਹਿਬ ਦੀ ਪ੍ਰਤਿਮਾ ਲਗਵਾਈ ਜਾਵੇ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਦੀ ਪ੍ਰਤਿਮਾ ਲਗਾਉਣ ਤੋਂ ਮਨ੍ਹਾ ਕਰ ਰਹੇ ਕੁੱਝ ਮੁੱਠੀ ਭਰ ਮਨੂੰਵਾਦੀ ਲੋਕਾਂ ਨੂੰ ਇਹ ਨਹੀਂ ਪਤਾ ਕਿ ਹਾਈਕੋਰਟ ਵਿੱਚ ਬਾਬਾ ਸਾਹਿਬ ਦਾ ਸਟੈਚੂ ਨਹੀਂ ਲਗੇਗਾ ਤਾਂ ਕਿਸ ਦਾ ਸਟੈਚੂ ਲੱਗੇਗਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਦੀ ਪ੍ਰਤਿਮਾ ਦਾ ਵਿਰੋਧ ਕਰਨ ਵਾਲਿਆਂ ਦਾ ਲਾਇਸੈਂਸ ਰੱਦ ਕਰਨ ਦੇਣਾ ਚਾਹੀਦਾ ਹੈ ਅਤੇ ਜੇਲ੍ਹਾਂ ਵਿਚ ਬੰਦ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਦੀ ਕਰੜੀ ਮਿਹਨਤ ਉਪਰੰਤ ਦੇਸ਼ ਦੇ ਸੰਵਿਧਾਨ ਦੀ ਸਥਾਪਨਾ ਸੰਭਵ ਹੋ ਸਕੀ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਹੀ ਦੇਸ਼ ਦੇ ਦੱਬੇ ਕੁੱਚਲੇ,ਲਤਾੜੇ ਦਲਿਤ



ਸਮਾਜ ਦੇ ਹੱਕਾਂ ਦੀ ਅਵਾਜ਼ ਉਠਾਈ ਅਤੇ ਉਨ੍ਹਾਂ ਨੂੰ ਸੰਵਿਧਾਨਕ ਹੱਕ ਲੈਕੇ ਦਿੱਤੇ। ਮੇਜਰ ਸਿੰਘ ਬੀਸਲਾ ਨੇ ਕਿਹਾ ਕਿ ਰਾਜਸਥਾਨ ਦੇ ਜੈਪੁਰ ਹਾਈਕੋਰਟ ਵਿੱਚ ਮੰਨੂ ਦੀ ਪ੍ਰਤਿਮਾ ਨੂੰ ਹਟਾ ਦੇਣਾ ਚਾਹੀਦਾ ਹੈ ਕਿਉਂਕਿ ਭਾਰਤ ਸੰਵਿਧਾਨ ਨਾਲ ਚੱਲਦਾ ਹੈ ਨਾ ਕਿ ਮੰਨੂਸ੍ਰਮਿਤੀ ਦੇ ਨਾਲ। ਉਨ੍ਹਾਂ ਨੇ ਕਿਹਾ ਕਿ ਸਾਡੀ ਪਾਰਟੀ ਅਤੇ ਅਸੀਂ ਪੁਰ ਜ਼ੋਰ ਮੰਗ ਕਰਦੇ ਹਾਂ ਕਿ ਗਵਾਲੀਅਰ ਹਾਈਕੋਰਟ ਵਿੱਚ ਬਾਬਾ ਸਾਹਿਬ ਦੀ ਪ੍ਰਤਿਮਾ ਜਲਦੀ ਤੋਂ ਜਲਦੀ ਸਥਾਪਤ ਕੀਤੀ ਜਾਵੇ ਅਤੇ ਵਿਰੋਧ ਕਰਨ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਜਾਦ ਸਮਾਜ ਪਾਰਟੀ ਆਪਣੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਜਲਦ ਲੋਕ ਸੰਪਰਕ ਮੀਟਿੰਗਾਂ ਦੀ ਸ਼ੁਰੂਆਤ ਕਰੇਗੀ।

# ਮੈਲੀ ਪਿੰਡ ਦੇ ਵਿਕਾਸ ਲਈ ਵਿਧਾਇਕ ਇਸਾਂਕ ਕੁਮਾਰ ਨੇ 61 ਲੱਖ ਦੀਆਂ ਗ੍ਰਾਂਟਾਂ ਦਾ ਦਿੱਤਾ ਤੌਹਫਾ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਹਲਕਾ ਚੱਬੇਵਾਲ ਦੇ ਪਿੰਡ ਮੈਲੀ ਵਿਖੇ ਕਰਵਾਏ ਗਏ ਫੁੱਟਬਾਲ ਟੂਰਨਾਮੈਂਟ ਵਿੱਚ ਸ਼ਿਰਕਤ ਕਰਨ ਪਹੁੰਚੇ ਵਿਧਾਇਕ ਇਸਾਂਕ ਕੁਮਾਰ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਆਯੋਜਕਾਂ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ। ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਮੈਲੀ ਦੇ ਵਿਕਾਸ ਲਈ ਜਾਰੀ ਕੀਤੀਆਂ 61 ਲੱਖ ਰੁਪਏ ਦੀਆਂ ਗ੍ਰਾਂਟਾਂ ਅਤੇ ਉਨ੍ਹਾਂ ਤਹਿਤ ਚੱਲ ਰਹੇ ਅਤੇ ਮੁਕੰਮਲ ਹੋ ਚੁੱਕੇ ਵਿਕਾਸ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਨੌਜਵਾਨਾਂ ਨੂੰ ਖੇਡਾਂ ਲਈ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਵਾਸਤੇ 15 ਲੱਖ ਰੁਪਏ ਦੀ ਲਾਗਤ ਨਾਲ ਸਟੇਡੀਅਮ ਦੇ ਵਿਕਾਸ ਦਾ ਕੰਮ ਜਾਰੀ ਹੈ। ਇਧਾਇਕ ਇਸ਼ਾਂਕ ਕੁਮਾਰ ਨੇ ਕਿਹਾ ਕਿ ਪਿੰਡ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਵੱਖ-ਵੱਖ ਪ੍ਰੋਜੈਕਟ ਯੋਜਨਾਬੱਧ ਢੰਗ ਨਾਲ ਪੂਰੇ ਕੀਤੇ ਜਾ ਰਹੇ ਹਨ। 10 ਲੱਖ ਰੁਪਏ ਦੀ ਲਾਗਤ ਨਾਲ ਹੜ੍ਹਾਂ ਕਾਰਨ ਨੁਕਸਾਨੀ ਗਈ ਹੁਸ਼ਿਆਰਪੁਰ-ਮਾਹਿਲਪੁਰ ਰੋਡ ਤੋਂ ਮੈਲੀ ਤੱਕ ਦੀ ਸੜਕ ਦੀ ਮੁਰੰਮਤ ਕਰਵਾਈ ਜਾਵੇਗੀ। ਜਿਸ ਨਾਲ ਇਲਾਕੇ ਦੇ ਨਿਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ । ਇਸ ਤੋਂ ਇਲਾਵਾ 9 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਅਤੇ ਨਾਲੀਆਂ ਦੇ ਵਿਕਾਸ ਕਾਰਜ ਵੀ ਪੂਰੇ ਹੋ ਚੁੱਕੇ ਹਨ। ਪਿੰਡ ਦੇ ਸ਼ਮਸ਼ਾਨਘਾਟ ਵਿੱਚ ਸ਼ੈੱਡ ਦੇ ਨਿਰਮਾਣ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਰਨ-ਆਫ ਕੰਟਰੋਲ ਨਾਲ ਸੰਬੰਧਿਤ ਕੰਮ ਵੀ ਸਫਲਤਾਪੂਰਵਕ ਮੁਕੰਮਲ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਪਾਣੀ ਦੀ ਸੰਭਾਲ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਸੁਧਾਰਨ ਦੇ ਉਦੇਸ਼ ਨਾਲ 21.62 ਲੱਖ ਰੁਪਏ ਦੀ ਲਾਗਤ ਨਾਲ ਰੇਨ ਵਾਟਰ ਰੀਚਾਰਜ ਕਮ ਸਿਲਟ ਡਿਟੈਨਸ਼ਨ ਸਟਰੱਕਚਰ ਦਾ ਨਿਰਮਾਣ ਵੀ ਕੀਤਾ ਜਾ ਰਿਹਾ ਹੈ, ਜੋ ਭਵਿੱਖ ਵਿੱਚ ਪਾਣੀ ਸੰਭਾਲ ਅਤੇ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਵਿਧਾਇਕ ਇਸ਼ਾਂਕ ਕੁਮਾਰ ਨੇ ਕਿਹਾ



ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਹਲਕਾ ਚੱਬੇਵਾਲ ਦੇ ਹਰ ਪਿੰਡ ਵਿੱਚ ਲੋੜ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਹਰ ਜਾਇਜ਼ ਮੰਗ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਦੀ ਇਹ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੇਗੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ, ਸੂੰਢ ਵਿਖੇ 23ਵੀਂ ਸੀਨੀਅਰ ਸਟੇਟ ਅਤੇ 3ਵੀਂ ਮਾਸਟਰਜ਼ ਕਿੱਕਬਾਕਸਿੰਗ ਚੈਂਪੀਅਨਸ਼ਿਪ ਸ਼ਾਨੋ-ਸ਼ੌਕਤ ਨਾਲ ਸੰਪੰਨ








**ਬੰਗਾ (ਚਰਨਜੀਤ ਸੱਲ੍ਹਾ )**ਕਿੱਕਬਾਕਸਿੰਗ ਐਸੋਸੀਏਸ਼ਨ ਐਸ.ਬੀ.ਐਸ. ਨਗਰ ਵੱਲੋਂ 3 ਤੋਂ 5 ਜੁਲਾਈ 2026 ਤੱਕ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ, ਸੂੰਢ ਵਿਖੇ 23ਵੀਂ ਸੀਨੀਅਰ ਸਟੇਟ ਅਤੇ 3ਵੀਂ ਮਾਸਟਰਜ਼ ਕਿੱਕਬਾਕਸਿੰਗ ਚੈਂਪੀਅਨਸ਼ਿਪ 2026-27 ਦਾ ਸਫ਼ਲ ਆਯੋਜਨ ਕੀਤਾ ਗਿਆ। ਤਿੰਨ ਦਿਨਾਂ ਤੱਕ ਚੱਲੇ ਇਸ ਰਾਜ ਪੱਧਰੀ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ 250 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ ਅਤੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦੀ ਸ਼ੋਭਾ ਵਧਾਉਣ ਅਤੇ ਖਿਡਾਰੀਆਂ ਦਾ ਹੌਸਲਾ ਅਫ਼ਜ਼ਾਈ ਕਰਨ ਲਈ ਪੰਜਾਬ ਕਿੱਕਬਾਕਸਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਕਰਤਾਰ ਸਿੰਘ ਜੀ ਅਤੇ ਜ਼ਿਲ੍ਹਾ ਖੇਡ ਅਫ਼ਸਰ ਮੈਡਮ ਵੰਦਨਾ ਚੌਹਾਨ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਕਾਂਗਰਸ ਜ਼ਿਲ੍ਹਾ ਪ੍ਰਧਾਨ ਸ੍ਰੀ ਸੁਮਨਪ੍ਰੀਤ ਸਿੰਘ ਜੀ ਅਤੇ ਸਮਾਜ ਸੇਵੀ ਸ੍ਰੀ ਹਰਪ੍ਰੀਤ ਸਿੰਘ ਰੱਕੜ ਜੀ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰੀ। ਜਦਕਿ ਅੰਤਰਰਾਸ਼ਟਰੀ ਖਿਡਾਰਨ ਅਤੇ ਅੰਤਰਰਾਸ਼ਟਰੀ ਤਗ਼ਮਾ ਜੇਤੂ ਬਲਜੀਤ ਕੌਰ (ਪੰਜਾਬ ਪੁਲਿਸ) ਨੇ ਸਟਾਰ ਗੈਸਟ ਵਜੋਂ ਸਮਾਗਮ ਵਿੱਚ ਸ਼ਿਰਕਤ ਕਰਕੇ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ। ਇਨਾਮ ਵੰਡ ਸਮਾਰੋਹ ਦੌਰਾਨ ਡਾ. ਅੰਬੇਡਕਰ ਮੈਮੋਰੀਅਲ ਬੁੱਧਿਸਟ ਰਿਸੋਰਸ ਸੈਂਟਰ ਐਂਡ ਮੈਨੇਜਿੰਗ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਜੀ, ਵਾਈਸ ਪ੍ਰਧਾਨ ਹਰਬਲਾਸ ਬਸਰਾ ਜੀ ਅਤੇ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਦੇ ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ ਜੀ ਨੇ ਜੇਤੂ ਖਿਡਾਰੀਆਂ ਨੂੰ ਮੈਡਲ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਕਿੱਕਬਾਕਸਿੰਗ ਐਸੋਸੀਏਸ਼ਨ ਐਸ.ਬੀ.ਐਸ. ਨਗਰ ਦੇ ਜਨਰਲ ਸਕੱਤਰ ਮਨਜੋਤ ਲੌਂਗੀਆ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਸੋਨ ਤਗ਼ਮਾ ਜਿੱਤਣ ਵਾਲੇ ਖਿਡਾਰੀ 1 ਤੋਂ 5 ਅਗਸਤ 2026 ਤੱਕ ਗੁਜਰਾਤ ਵਿਖੇ ਹੋਣ ਵਾਲੀ ਨੈਸ਼ਨਲ ਕਿੱਕਬਾਕਸਿੰਗ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨਗੇ। ਉਨ੍ਹਾਂ ਕਿਹਾ ਕਿ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਦੀ ਚੋਣ ਏਸ਼ੀਅਨ ਕਿੱਕਬਾਕਸਿੰਗ ਚੈਂਪੀਅਨਸ਼ਿਪ ਲਈ ਵੀ ਕੀਤੀ ਜਾਵੇਗੀ, ਜਿਸ ਨਾਲ ਉਨ੍ਹਾਂ ਨੂੰ ਭਾਰਤ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲੇਗਾ। ਅੰਤ ਵਿੱਚ ਕਿੱਕਬਾਕਸਿੰਗ ਐਸੋਸੀਏਸ਼ਨ ਐਸ.ਬੀ.ਐਸ. ਨਗਰ ਵੱਲੋਂ ਸਮੂਹ ਮਹਿਮਾਨਾਂ, ਅਧਿਕਾਰੀਆਂ, ਰੈਫਰੀਆਂ, ਕੋਚਾਂ, ਵਲੰਟੀਅਰਾਂ, ਸਕੂਲ ਪ੍ਰਬੰਧਕ ਕਮੇਟੀ ਅਤੇ ਖਿਡਾਰੀਆਂ ਦਾ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ ਗਿਆ।

# ਇਟਲੀ ਦੇ ਬੋਲੋਨੀਆ ਵਿੱਚ ਪੰਜਾਬੀ ਮੂਲ ਦੇ ਹੋਣਹਾਰ ਵਿਦਿਆਰਥੀ ਜਸਮੀਤ ਪਾਲ " ਜੋਬਨ "ਨੇ ਰਚਿਆ ਇਤਿਹਾਸ-ਮੈਡੀਕਲ ਸਟ੍ਰੀਮ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਕੀਤਾ ਪੰਜਾਬੀਆਂ ਦਾ ਨਾਮ ਰੌਸ਼ਨ

**ਬੋਲੋਨੀਆ, ਦੁਸਾਂਝ ਕਲਾਂ (ਚਰਨਜੀਤ ਸੱਲ੍ਹਾ)**:-ਪੰਜਾਬ ਦੀ ਧਰਤੀ ਤੋਂ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਪਰਿਵਾਰਾਂ ਲਈ ਇੱਕ ਹੋਰ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਜ਼ਿਲ੍ਹਾ ਜਲੰਧਰ ਦੇ ਇਤਿਹਾਸਕ ਅਤੇ ਅੰਬੇਡਕਰੀ ਮਿਸ਼ਨਰੀ ਪਿੰਡ ਵਿਰਕਾਂ ਨਾਲ ਸਬੰਧਤ ਪਰਿਵਾਰ ਦੇ ਹੋਣਹਾਰ ਪੁੱਤਰ ਜਸਮੀਤ ਪਾਲ "ਜੋਬਨ" ਨੇ ਇਟਲੀ ਦੇ ਪ੍ਰਸਿੱਧ ਸ਼ਹਿਰ ਬੋਲੋਨੀਆ ਦੇ ਨਾਮਵਰ ਲ਼ਿਚਏਓ Liuig Galvain ਸਕੂਲ ਵਿੱਚੋਂ ਮੈਚਿਊਰਿਟਾ (ਰਾਜ ਪੱਧਰੀ ਸੀਨੀਅਰ ਸਕੈਂਡਰੀ ਪ੍ਰੀਖਿਆ) ਵਿੱਚ 100 ਵਿੱਚੋਂ 100 ਅੰਕ ਹਾਸਲ ਕਰਕੇ ਨਾ ਸਿਰਫ਼ ਆਪਣੇ ਪਰਿਵਾਰ, ਸਗੋਂ ਸਮੁੱਚੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ।

ਜਸਮੀਤ ਪਾਲ ਦੇ ਪਿਤਾ ਤਜਿੰਦਰ ਪਾਲ ਅਤੇ ਮਾਤਾ ਉਸ਼ਾ ਰਾਣੀ ਕਈ ਸਾਲ ਪਹਿਲਾਂ ਰੋਜ਼ੀ-ਰੋਟੀ ਦੀ ਭਾਲ ਵਿੱਚ ਇਟਲੀ ਆ ਵੱਸੇ ਸਨ। ਜਸਮੀਤ ਬਹੁਤ ਛੋਟੀ ਉਮਰ ਵਿੱਚ ਇਟਲੀ ਪਹੁੰਚਿਆ ਅਤੇ ਵਿਦੇਸ਼ੀ ਮਾਹੌਲ, ਨਵੀਂ ਭਾਸ਼ਾ ਅਤੇ ਵੱਖਰੀ ਸਿੱਖਿਆ ਪ੍ਰਣਾਲੀ ਦੇ ਬਾਵਜੂਦ ਆਪਣੀ ਮਿਹਨਤ, ਲਗਨ ਅਤੇ ਪ੍ਰਤਿਭਾ ਦੇ ਬਲ 'ਤੇ ਇਹ ਉਪਲਬਧੀ ਹਾਸਲ ਕੀਤੀ।

ਸਕੂਲ ਵੱਲੋਂ ਜਾਰੀ ਕੀਤੇ ਗਏ ਅਧਿਕਾਰਕ ਨਤੀਜਿਆਂ ਅਨੁਸਾਰ ਜਸਮੀਤ ਪਾਲ ਨੇ 100/100 ਅੰਕ ਪ੍ਰਾਪਤ ਕੀਤੇ, ਜੋ ਇਟਲੀ ਦੀ ਸਿੱਖਿਆ ਪ੍ਰਣਾਲੀ ਵਿੱਚ ਸਭ ਤੋਂ ਉੱਚਾ ਨਤੀਜਾ ਮੰਨਿਆ ਜਾਂਦਾ ਹੈ। ਇਹ ਪ੍ਰਾਪਤੀ ਉਸਦੀ ਅਕਾਦਮਿਕ ਯੋਗਤਾ, ਅਨੁਸ਼ਾਸਨ ਅਤੇ ਲਗਾਤਾਰ ਮਿਹਨਤ ਦਾ ਸਬੂਤ ਹੈ।

ਜਸਮੀਤ ਦਾ ਸੁਪਨਾ ਮੈਡੀਸਨ (ਇਦਿਚਿਨਏ) ਦੀ ਉੱਚ ਸਿੱਖਿਆ ਪ੍ਰਾਪਤ ਕਰਕੇ ਇੱਕ ਕਾਬਲ ਡਾਕਟਰ ਬਣਨਾ ਹੈ। ਇਸ ਲਈ ਉਹ ਇਟਲੀ ਦੀ ਇੱਕ ਪ੍ਰਸਿੱਧ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਦੀ ਤਿਆਰੀ ਕਰ ਰਿਹਾ ਹੈ। ਇਸ ਦੇ ਨਾਲ ਹੀ



ਉਸਨੇ ਇਤਾਲਵੀ, ਅੰਗਰੇਜ਼ੀ, ਲਾਤੀਨੀ, ਫਰੈਂਚ ਅਤੇ ਹਿੰਦੀ ਸਮੇਤ ਕਈ ਭਾਸ਼ਾਵਾਂ ਵਿੱਚ ਵੀ ਵਿਸ਼ੇਸ਼ ਪ੍ਰਾਪਤੀਆਂ ਹਾਸਲ ਕੀਤੀ ਹਨ।ਜਸਮੀਤ ਪਾਲ ਦੀ ਇਸ ਬੇਮਿਸਾਲ ਕਾਮਯਾਬੀ ਪਿੱਛੇ ਉਸਦੇ ਮਾਤਾ-ਪਿਤਾ ਦੀ ਕੁਰਬਾਨੀ, ਅਧਿਆਪਕਾਂ ਦੀ ਰਹਿਨੁਮਾਈ ਅਤੇ ਉਸਦੀ ਅਥੱਕ ਮਿਹਨਤ ਦਾ ਅਹਿਮ ਯੋਗਦਾਨ ਹੈ। ਪਰਿਵਾਰ ਇਸ ਸਫਲਤਾ ਦਾ ਸਿਹਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅਪਾਰ ਕਿਰਪਾ ਨੂੰ ਸਮਰਪਿਤ ਕਰਦਾ ਹੈ। ਨਾਲ ਹੀ ਉਹ ਮੰਨਦਾ ਹੈ ਕਿ ਭਾਰਤ ਦੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਦਿੱਤੇ ਸਿੱਖਿਆ, ਸਮਾਨਤਾ ਅਤੇ ਸੰਵਿਧਾਨਿਕ ਅਧਿਕਾਰਾਂ ਨੇ ਸਮਾਜ ਦੇ ਵੰਚਿਤ ਵਰਗਾਂ ਵਿੱਚ ਸਿੱਖਿਆ ਪ੍ਰਤੀ ਜਾਗਰੂਕਤਾ ਅਤੇ ਅੱਗੇ ਵਧਣ ਦਾ ਵਿਸ਼ਵਾਸ ਪੈਦਾ ਕੀਤਾ ਹੈ, ਜਿਸ ਕਾਰਨ ਅੱਜ ਵਿਦੇਸ਼ਾਂ ਵਿੱਚ ਵੀ ਭਾਰਤੀ ਮੂਲ ਦੇ ਬੱਚੇ ਨਵੀਆਂ ਉੱਚਾਈਆਂ ਨੂੰ ਛੂਹ ਰਹੇ ਹਨ।ਵਿਸ਼ੇਸ਼ ਤੌਰ 'ਤੇ ਇਹ ਵੀ ਮਾਣ ਵਾਲੀ ਗੱਲ ਹੈ ਕਿ ਜਸਮੀਤ ਪਾਲ ਦਾ ਜੱਦੀ ਪਿੰਡ ਵਿਰਕਾਂ (ਜ਼ਿਲ੍ਹਾ ਜਲੰਧਰ) ਪੰਜਾਬ ਦੇ ਉਹਨਾਂ ਪਿੰਡਾਂ ਵਿੱਚੋਂ ਇੱਕ ਹੈ, ਜੋ ਅੰਬੇਡਕਰੀ ਮਿਸ਼ਨਰੀ ਵਿਚਾਰਧਾਰਾ ਅਤੇ ਸਿੱਖਿਆ ਪ੍ਰਤੀ ਆਪਣੀ ਜਾਗਰੂਕਤਾ ਲਈ ਜਾਣਿਆ ਜਾਂਦਾ ਹੈ। ਇਸ ਪਿੰਡ ਨੇ ਸਮੇਂ-ਸਮੇਂ 'ਤੇ ਸਿੱਖਿਆ, ਸਮਾਜਿਕ ਚੇਤਨਾ ਅਤੇ ਬਰਾਬਰੀ ਦੇ ਸੰਦੇਸ਼ ਨੂੰ ਮਜ਼ਬੂਤੀ ਨਾਲ ਅੱਗੇ ਵਧਾਇਆ ਹੈ।

ਜਸਮੀਤ ਦੀ ਇਹ ਪ੍ਰਾਪਤੀ ਉਸੇ ਵਿਰਾਸਤ ਨੂੰ ਹੋਰ ਮਜ਼ਬੂਤ ਕਰਦੀ ਹੈ। ਜਸਮੀਤ ਪਾਲ ਦੀ ਇਸ ਇਤਿਹਾਸਕ ਸਫਲਤਾ ਨਾਲ ਇਟਲੀ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਸਮਾਜਿਕ, ਧਾਰਮਿਕ ਅਤੇ ਸਿੱਖਿਆਕ ਸੰਸਥਾਵਾਂ ਵੱਲੋਂ ਜਸਮੀਤ, ਉਸਦੇ ਮਾਤਾ-ਪਿਤਾ ਤਜਿੰਦਰ ਪਾਲ ਅਤੇ ਉਸ਼ਾ ਰਾਣੀ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਇਹ ਪ੍ਰਾਪਤੀ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਨੌਜਵਾਨਾਂ ਲਈ ਇੱਕ ਪ੍ਰੇਰਣਾ ਹੈ ਕਿ ਮਿਹਨਤ, ਲਗਨ ਅਤੇ ਸਿੱਖਿਆ ਦੇ ਬਲ 'ਤੇ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ।

ਜਸਮੀਤ ਪਾਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਮਿੱਟੀ ਦੀ ਮਹਿਕ, ਪਰਿਵਾਰ ਦੇ ਸੰਸਕਾਰ, ਸਿੱਖਿਆ ਪ੍ਰਤੀ ਸਮਰਪਣ ਅਤੇ ਮਿਹਨਤ ਦਾ ਜਜ਼ਬਾ ਜੇਕਰ ਇਕੱਠੇ ਹੋ ਜਾਣ ਤਾਂ ਵਿਦੇਸ਼ਾਂ ਦੀ ਧਰਤੀ 'ਤੇ ਵੀ ਇਤਿਹਾਸ ਲਿਖਿਆ ਜਾ ਸਕਦਾ ਹੈ।

# ਜ਼ਿਲ੍ਹਾ ਮੈਜਿਸਟਰੇਟ ਨੇ ਬੰਗਾ-ਮੁਕੰਦਪੁਰ ਸੜਕ 'ਤੇ ਰਾਤ 09:00 ਵਜੇ ਤੋਂ ਸਵੇਰੇ 06:00 ਵਜੇ ਤੱਕ ਭਾਰੀ ਵਾਹਨਾਂ ਦੇ ਲੰਘਣ/ਦਾਖਲ ਹੋਣ 'ਤੇ ਪਾਬੰਦੀ ਹਟਾਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਕਰਸ਼ਾ ਸੰਹਿਤ, 2023 ਦੀ ਧਾਰਾ 163 ਅਧੀਨ ਬੰਗਾ-ਮੁਕੰਦਪੁਰ ਸੜਕ ਤੇ ਭਾਰੀ ਵਾਹਨਾਂ ਦੇ ਲੰਘਣ/ਦਾਖਲ ਹੋਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਸਨ। ਪਾਬੰਦੀ ਦੌਰਾਨ ਭਾਰੀ ਵਾਹਨਾਂ ਦੇ ਲੰਘਣ ਲਈ ਰੇਲਵੇ ਰੋਡ, ਬੰਗਾ ਨੂੰ ਵਿਕਲਪ ਮਾਰਗ ਵਜੋ ਵਰਤਿਆ ਜਾ ਰਿਹਾ ਸੀ। ਹੁਣ ਨਗਰ ਕੌਂਸਲ ਬੰਗਾ ਵਲੋਂ ਰੇਲਵੇ ਰੋਡ ਬੰਗਾ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਗਿਆ



ਹੈ, ਇਹ ਕੰਮ ਮੁਕੰਮਲ ਹੋਣ ਵਿੱਚ ਹੋਰ ਸਮਾਂ ਲੱਗਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਭਾਰੀ ਵਾਹਨਾਂ ਦੀ ਆਵਾਜਾਈ ਸੰਭਵ ਨਹੀਂ ਹੈ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਉਕਤ ਦੇ ਮੱਦੇਨਜ਼ਰ ਜਾਰੀ ਹੁਕਮ ਵਿੱਚ ਅੰਸ਼ਿਕ ਸੋਧ ਕਰਦੇ ਹੋਏ ਜਦੋਂ ਤੱਕ ਰੇਲਵੇ ਰੋਡ, ਬੰਗਾ ਦੀ ਮੁਰੰਮਤ ਦਾ ਕੰਮ ਮੁਕੰਮਲ ਨਹੀਂ ਹੋ ਜਾਂਦਾ ਉਦੋਂ ਤੱਕ ਬੰਗਾ-ਮੁਕੰਦਪੁਰ ਸੜਕ 'ਤੇ ਰਾਤ 09:00ਵਜੇ ਤੋਂ ਸਵੇਰੇ 06:00 ਵਜੇ ਤੱਕ ਭਾਰੀ ਵਾਹਨਾਂ ਦੇ ਲੰਘਣ/ਦਾਖਲ ਹੋਣ 'ਤੇ ਪਾਬੰਦੀ ਹਟਾਈ ਜਾਂਦੀ ਹੈ।



# ਸਿੱਖ ਨਸਲਕੁਸ਼ੀ ਨੂੰ ਪੇਸ਼ ਕਰਦੀ ਫਿਲਮ "ਸਤਲੁਜ" ਤੇ ਪਾਬੰਦੀ ਲਗਾ ਕੇ ਸਰਕਾਰ ਨੇ ਆਪਣੇ ਘਿਨਾਉਣੇ ਚਿਹਰੇ ਨੂੰ ਫਿਰ ਨੰਗਿਆਂ ਕੀਤਾ : ਸਿੰਗੜੀਵਾਲਾ

**ਹੁਸ਼ਿਆਰਪੁਰ 6 ਜੁਲਾਈ (ਤਰਸੇਮ ਦੀਵਾਨਾ )** - ਸਿੱਖ ਕੌਮ ਅਤੇ ਪੰਜਾਬੀਆਂ ਦੇ ਹੱਕਾਂ ਲਈ ਚੱਲ ਰਹੇ ਸੰਘਰਸ਼ ਨੂੰ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਦੀ ਮਿਲੀ ਭੁਗਤ ਨਾਲ ਅੱਤਵਾਦ ਦਾ ਨਾਂ ਦੇ ਕੇ ਉਸ ਸਮੇਂ ਦੇ ਪੁਲਿਸ ਮੁਖੀ ਕੇਪੀਐਸ ਗਿੱਲ ਦੀ ਅਗਵਾਈ ਹੇਠ ਵੱਡੀ ਪੱਧਰ ਤੇ ਮਨੁੱਖੀ ਹੱਕਾਂ ਦਾ ਘਾਣ ਕਰਕੇ ਸਿੱਖ ਨੌਜਵਾਨਾਂ, ਬਜ਼ੁਰਗਾਂ, ਬੀਬੀਆਂ ਅਤੇ ਇੱਥੋਂ ਤੱਕ ਕਿ ਬੱਚਿਆਂ ਨੂੰ ਵੀ ਇੰਟੈਰੋਗੇਸ਼ਨ ਸੈਂਟਰਾਂ ਵਿੱਚ ਕੋਹ ਕੋਹ ਕੇ ਮਾਰਿਆ ਗਿਆ ਅਤੇ ਸਿੱਖਾਂ ਦੀ ਵੱਡੀ ਪੱਧਰ ਤੇ ਨਸਲਕੁਸ਼ੀ ਕੀਤੀ



ਗਈ ਤੇ ਉਨਾਂ ਦੀਆਂ ਲਾਸ਼ਾਂ ਨੂੰ ਵੀ ਲਵਾਰਸ ਕਹਿ ਕੇ ਸਾੜ ਦਿੱਤਾ ਗਿਆ ਜਿਸ ਨੂੰ ਭਾਈ ਜਸਵੰਤ ਸਿੰਘ ਖਾਲੜਾ ਅਤੇ ਉਹਨਾਂ ਦੀ ਟੀਮ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਉਜਾਗਰ ਕੀਤਾ ਪਰ ਪੁਲਿਸ ਦੁਆਰਾ ਭਾਈ ਜਸਵੰਤ ਸਿੰਘ ਖਾਲੜਾ ਨੂੰ ਘਰੋਂ ਅਗਵਾ ਕਰਕੇ ਭਾਰੀ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਅਤੇ ਉਨਾਂ ਦੀ ਲਾਸ਼ ਨੂੰ ਵੀ ਖੁਰਦ ਬੁਰਦ ਕਰ ਦਿੱਤੀ ਜਿਨਾਂ ਤੇ ਬਣੀ ਫਿਲਮ ਪਹਿਲਾ ਨਾਮ "ਪੰਜਾਬ 95" ਅਤੇ ਨਵੇਂ ਨਾਂ "ਸਤਲੁਜ" ਹੇਠ ਸੋਸ਼ਲ ਮੀਡੀਆ ਓ ਟੀ ਟੀ ਤੇ ਰਿਲੀਜ਼ ਹੋਈ ਫਿਲਮ ਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੁਆਰਾ ਪਾਬੰਦੀ ਲਗਾ ਕੇ ਆਪਣਾ ਘਿਨਾਉਣਾ ਚਿਹਰਾ ਫਿਰ ਨੰਗਿਆਂ ਕੀਤਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਓਟੀਟੀ ਤੇ ਰਿਲੀਜ਼ ਹੋਈ ਫਿਲਮ "ਸਤਲੁਜ" ਤੇ ਪਾਬੰਦੀ ਦਾ ਸਖਤ ਨੋਟਿਸ ਲੈਂਦਿਆਂ ਹੋਇਆਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਸਿੱਖ ਕੌਮ ਤੇ ਹੋਏ ਜੁਲਮਾਂ ਨੂੰ ਬਿਆਨ ਕਰਦੀ ਹੋਈ ਫਿਲਮ "ਪੰਜਾਬ 95" ਅਤੇ ਹੁਣ "ਸਤਲੁਜ" ਦੀ ਰਿਲੀਜ਼ ਰੋਕਣ ਲਈ ਕੇਂਦਰ ਸਰਕਾਰ ਦੇ ਅਧੀਨ ਸੈਂਸਰ ਬੋਰਡ ਨੇ ਵੱਡੀ ਪੱਧਰ ਤੇ ਕੱਟ ਲਗਾਏ ਸਨ ਅਤੇ ਫਿਲਮ ਨੂੰ ਰਿਲੀਜ਼ ਹੋਣ ਤੋਂ ਰੋਕਿਆ ਗਿਆ ਸੀ ਪਰ ਹੁਣ ਇਹ ਫਿਲਮ ਸੋਸ਼ਲ ਮੀਡੀਆ ਪਲੇਟਫਾਰਮ ਜੀ 5 ਤੇ ਰਿਲੀਜ਼ ਹੋਈ ਸੀ ਤੇ ਕੇਂਦਰ ਸਰਕਾਰ ਵੱਲੋਂ ਪਾਬੰਦੀ ਲਗਾ ਕੇ ਖੋਖਲੀ ਹੋਈ ਜਮਹੂਰੀਅਤ ਦਾ ਅੰਤਰਰਾਸ਼ਟਰੀ ਪੱਧਰ ਤੇ ਜਨਾਜਾ ਕੱਢ ਕੇ ਰੱਖ ਦਿੱਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਉਸ ਸਮੇਂ ਦੇ ਸੱਚ ਨੂੰ ਬਿਆਨ ਕਰਦੀ ਸ਼ਹੀਦ ਭਾਈ ਜੁਗਰਾਜ ਸਿੰਘ ਉਰਫ ਤੂਫਾਨ ਸਿੰਘ ਦੇ ਜੀਵਨ ਤੇ ਬਣੀ ਫਿਲਮ "ਤੂਫਾਨ ਸਿੰਘ" ਤੇ ਵੀ ਪਾਬੰਦੀ ਲਗਾ ਕੇ ਸੱਚ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਸਰਕਾਰਾਂ ਦੇ ਮਨਸੂਬੇ ਫੇਲ ਸਾਬਤ ਹੋਏ ਸਨ ਤੇ ਹੁਣ ਵੀ ਮਤਸਬੀ ਸੋਚ ਦੀਆਂ ਸਰਕਾਰਾਂ ਦੇ ਮਨਸੂਬੇ ਫੇਲ ਹੋਣਗੇ ਅਤੇ ਸੱਚ ਦੀ ਜਿੱਤ ਹੋਵੇਗੀ।

# ਡਿਪਟੀ ਕਮਿਸ਼ਨਰ ਨੇ ਕੀਤੀ ਜ਼ਿਲ੍ਹਾ ਸਹਿਕਾਰਤਾ ਵਿਕਾਸ ਕਮੇਟੀ ਦੀ ਮੀਟਿੰਗ

## ਸਹਿਕਾਰੀ ਬੈਂਕਾਂ ਨੂੰ ਬਿਹਤਰ ਸੇਵਾਵਾਂ ਦੇਣ ਦੀ ਹਦਾਇਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਸਹਿਕਾਰਤਾ ਵਿਕਾਸ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਜ਼ਿਲ੍ਹੇ ਦੀਆਂ ਸਹਿਕਾਰੀ ਸੰਸਥਾਵਾਂ ਦੇ ਕੰਮਕਾਜ, ਕਿਸਾਨਾਂ ਨੂੰ ਕਰਜ਼ੇ, ਖਾਦ-ਬੀਜ ਦੀ ਸਪਲਾਈ ਅਤੇ ਸਹਿਕਾਰੀ ਬੈਂਕਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਨੇ ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿੱਤੀ ਸਾਲ 2026-27 ਲਈ ਮਿੱਥੇ ਗਏ ਸਾਰੇ ਟੀਚੇ ਨਿਰਧਾਰਤ ਸਮੇਂ ਵਿੱਚ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਆਮ ਲੋਕਾਂ ਨੂੰ



ਸਹਿਕਾਰੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਮਿਲੇ, ਇਹ ਯਕੀਨੀ ਬਣਾਇਆ ਜਾਵੇ। ਸਹਿਕਾਰੀ ਬੈਂਕਾਂ ਦੇ ਕੰਮਕਾਜ ਬਾਰੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੈਂਕਾਂ ਵਿੱਚ ਆਉਣ ਵਾਲੇ ਗਾਹਕਾਂ ਨਾਲ ਸ਼ਿਸ਼ਟਾਚਾਰ ਅਤੇ ਸਤਿਕਾਰ ਨਾਲ ਪੇਸ਼ ਆਇਆ ਜਾਵੇ। ਕਰਜ਼ਿਆਂ ਦੇ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਫਸਲੀ ਕਰਜ਼ੇ ਸਮੇਂ ਸਿਰ ਮੁਹੱਈਆ ਕਰਵਾਏ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਡਿਜੀਟਲ ਲੈਣ-ਦੇਣ ਅਤੇ ਨਵੀਆਂ ਸਹੂਲਤਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਬਿਹਤਰ ਸੇਵਾਵਾਂ ਮਿਲ ਸਕਣ। ਉਨ੍ਹਾਂ ਸਹਿਕਾਰੀ ਖਰੀਦ ਕੇਂਦਰਾਂ ਨੂੰ ਹਦਾਇਤ ਕੀਤੀ ਕਿ ਆਉਣ ਵਾਲੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਮਿਆਰੀ ਖਾਦ, ਬੀਜ ਅਤੇ ਕੀਟਨਾਸ਼ਕ ਦਵਾਈਆਂ ਸਮੇਂ ਸਿਰ ਅਤੇ ਸਹੀ ਰੇਟਾਂ 'ਤੇ ਉਪਲਬਧ ਕਰਵਾਈਆਂ ਜਾਣ। ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕਰਨ ਲਈ ਪਾਰਦਰਸ਼ਤਾ ਅਤੇ ਜਵਾਬਦੇਹੀ ਬਹੁਤ ਜ਼ਰੂਰੀ ਹੈ। ਸਾਰੀਆਂ ਸਹਿਕਾਰੀ ਸੁਸਾਇਟੀਆਂ ਦਾ ਨਿਯਮਿਤ ਆਡਿਟ ਕਰਵਾਇਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਬੇਨਿਯਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਸਵੱਛਤਾ ਬਿਨ ਸੇਵਾ ਧਰਮ ਵੈਲਫੇਅਰ ਸੋਸਾਇਟੀ ਨੇ ਪੀਸੀਆਰ ਇੰਚਾਰਜ ਤੇ ਪੁਲਿਸ ਕਰਮੀਆਂ ਨਾਲ ਮਨਾਇਆ ਟਰੈਫਿਕ ਅਵੇਅਰਨੈਸ ਕੰਪੇਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਵੱਛਤਾ ਬਿਨ ਸੇਵਾ ਧਰਮ ਵੈਲਫੇਅਰ ਸੋਸਾਇਟੀ ਨੇ ਅੱਜ ਫੂਡ ਸਟਰੀਟ ਤੇ ਡੀਐਸਪੀ ਕੁਲਭੂਸ਼ਨ ਅਤੇ ਰਕੇਸ਼ ਕੁਮਾਰ ਪੀ ਸੀ ਆਰ ਇੰਚਾਰਜ ਤੇ ਪੁਲਿਸ ਕਰਮੀਆਂ ਦੇ ਨਾਲ ਚੌਂਕ ਦੇ ਵਿੱਚ ਟਰੈਫਿਕ ਅਵੇਅਰਨੈਸ ਕੰਪੇਨ ਕੀਤਾ। ਜਿਸ ਵਿੱਚ ਲੋਕਾਂ ਨੂੰ ਟਰੈਫਿਕ ਦੇ ਪ੍ਰਤੀ ਜਾਣਕਾਰੀ ਦਿੱਤੀ ਗਈ। ਉਹਨਾਂ ਨੂੰ ਇਹ ਵੀ ਦੱਸਿਆ ਗਿਆ ਕਿ, ਟਰੈਫਿਕ




ਰੂਲਾਂ ਨੂੰ ਮੰਨਣ ਨਾਲ ਸਾਡੀ ਤਾਂ ਜ਼ਿੰਦਗੀ ਬਚਦੀ ਹੈ, ਪਰ ਨਾਲ ਨਾਲ ਅਸੀਂ ਲੋਕਾਂ ਨੂੰ ਵੀ ਬਚਾ ਸਕਦੇ ਹਾਂ। ਉਹਨਾਂ ਕਿਹਾ ਕਿ ਜੇ ਸਾਡੀ ਗੱਡੀ ਦੇ ਕਾਗਜ ਪੂਰੇ ਹੋਣਗੇ ਅਤੇ ਅਸੀਂ ਹੈਲਮਟ ਪਾਇਆ ਹੋਵੇਗਾ ਤਾਂ ਅਸੀਂ ਇਸ ਦੇਸ਼ ਦੇ ਸੂਝਵਾਨ ਨਾਗਰਿਕ ਕਹਿਲਾਵਾਂਗੇ। ਡੀਐਸਪੀ ਕੁਲਭੂਸ਼ਨ ਜੀ ਨੇ ਸਵੱਛਤਾ ਬਿਨ ਸੇਵਾ ਧਰਮ ਵੈਲਫੇਅਰ ਸੋਸਾਇਟੀ ਦੀ ਇਹੋ ਜਿਹੇ ਕੰਮ ਕਰਨ ਤੇ ਸ਼ਲਾਘਾ ਕੀਤੀ। ਰਕੇਸ਼ ਕੁਮਾਰ ਜੀ ਪੀ ਸੀ ਆਰ ਇੰਚਾਰਜ ਨੇ ਵੀ ਸੁਸਾਇਟੀ ਦੀ ਪ੍ਰਸ਼ੰਸਾ ਕੀਤੀ।

# ਜ਼ਿਲ੍ਹੇ 'ਚ ਸੜ੍ਹਕਾਂ ਅਤੇ ਚੌਂਕਾਂ 'ਚ ਜਾਮ ਲਾਉਣ'ਤੇ ਮੁਕੰਮਲ ਪਾਬੰਦੀ

## ਰੋਸ ਧਰਨਿਆਂ ਲਈ ਨਵਾਂਸ਼ਹਿਰ, ਬੰਗਾ ਅਤੇ ਬਲਾਚੌਰ 'ਚ ਥਾਵਾਂ ਨਿਰਧਾਰਿਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023ਦੀ ਧਾਰਾ 163, ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਿਲੇ ਦੀ ਹਦੂਦ ਅੰਦਰ ਕਿਸੇ ਵੀ ਯੂਨੀਅਨ/ਜਥੇਬੰਦੀ ਵੱਲੋਂ ਸੜਕਾਂ/ਚੌਂਕਾ ਵਿਚ ਟਰੈਫਿਕ ਜਾਮ ਲਗਾਉਣ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਅਨੁਸਾਰ ਜ਼ਿਲੇ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਯੂਨੀਅਨਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ/ਮੁਜ਼ਾਹਰੇ ਦੌਰਾਨ ਮੁੱਖ ਮਾਰਗ 'ਤੇ ਰਸਤਾ ਰੋਕ ਕੇ ਧਰਨੇ ਆਦਿ ਲਾਉਣ ਕਾਰਨ ਚੰਡੀਗੜ੍ਹ-ਜਲੰਧਰ-ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਡਾਢੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਮਰੀਜ਼ਾਂ ਨੂੰ ਹੰਗਾਮੀ ਹਾਲਤ ਵਿਚ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਨੂੰ ਰਸਤਾ ਨਾ ਮਿਲਣ ਕਾਰਨ, ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਹੁੰਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ



ਨੇ ਕਿਹਾ ਕਿ ਰੋਸ ਧਰਨਿਆਂ ਵਾਸਤੇ ਜ਼ਿਲ੍ਹੇ ਦੀਆਂ ਤਿੰਨਾਂ ਸਬ ਡਵੀਜ਼ਨਾਂ ਵਿਚ ਸਥਾਨ ਨਿਰਧਾਰਿਤ ਕੀਤੇ ਗਏ ਹਨ ਅਤੇ ਕੋਈ ਵੀ ਜਥੇਬੰਦੀ/ਯੂਨੀਅਨ ਇਨ੍ਹਾਂ ਸਥਾਨਾਂ 'ਤੇ ਸਥਾਨਕ ਪ੍ਰਸ਼ਾਸਨ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਰੋਸ ਪ੍ਰਦਰਸ਼ਨ ਨਹੀਂ ਕਰ ਸਕੇਗੀ। ਇਨ੍ਹਾਂ ਥਾਵਾਂ ਵਿਚ ਸਬ ਡਵੀਜ਼ਨ ਨਵਾਂਸ਼ਹਿਰ ਵਿਚ ਦੁਸਹਿਰਾ ਗਰਾਊਂਡ ਨਵਾਂਸ਼ਹਿਰ ਅਤੇ ਨਗਰ ਕੌਂਸਲ ਨਵਾਂਸ਼ਹਿਰ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਪਿੰਡ ਗੁਜਰਪੁਰ ਕਲਾਂ ਦਾ ਲਗਭਗ 40 ਕਨਾਲ ਰਕਬਾ ਨੇੜੇ ਰੇਲਵੇ ਫਾਟਕ ਬੰਗਾ ਰੋਡ ਨਵਾਂਸ਼ਹਿਰ, ਸਬ ਡਵੀਜ਼ਨ ਬੰਗਾ ਵਿਚ ਪੰਚਾਇਤੀ ਰਕਬਾ, ਗ੍ਰਾਮ ਪੰਚਾਇਤ ਪਿੰਡ ਪੂਨੀਆ ਅਤੇ ਸਬ ਡਵੀਜ਼ਨ ਬਲਾਚੌਰ ਵਿਖੇ ਮਿਊਂਸਪਲ ਖੇਡ ਮੈਦਾਨ (ਨਜ਼ਦੀਕ ਸਿਵਲ ਹਸਪਤਾਲ) ਜਗਤਪੁਰ ਰੋਡ ਸਿਆਣਾ ਨਿਰਧਾਰਿਤ ਕੀਤੀਆਂ ਗਈਆਂ ਹਨ। ਨਿਰਧਾਰਤ ਥਾਵਾਂ 'ਤੇ ਮਨਜ਼ੂਰੀ ਲੈਣ ਉਪਰੰਤ ਲਾਊਡ ਸਪੀਕਰ ਦੀ ਮਨਜ਼ੂਰੀ ਸਬੰਧਤ ਐਸ.ਡੀ. ਐਮ. ਪਾਸੋਂ ਲੈਣੀ ਜ਼ਰੂਰੀ ਹੋਵੇਗੀ। ਹੁਕਮਾਂ ਅਨੁਸਾਰ ਨਵਾਂਸ਼ਹਿਰ ਵਿਖੇ ਚੰਡੀਗੜ੍ਹ ਚੌਕ, ਬੱਸ ਅੱਡਾ ਚੌਕ ਅਤੇ ਨਹਿਰੂ ਗੇਟ ਵਿਖੇ ਕਿਸੇ ਵੀ ਤਰ੍ਹਾਂ ਦਾ ਧਰਨਾ/ਆਵਾਜਾਈ ਵਿਚ ਵਿਘਨ ਪਾਉਣ ਦੀ ਵੀ ਮਨਾਹੀ ਹੈ। ਇਸ ਦੇ ਨਾਲ ਹੀ ਜ਼ਿਲ੍ਹੇ ਦੇ ਤਹਿਸੀਲ ਕੰਪਲੈਕਸਾਂ, ਐਸ.ਡੀ.ਐਮ ਕੰਪਲੈਕਸਾਂ ਅਤੇ ਡੀ. ਏ. ਸੀ. ਕੰਪਲੈਕਸ ਵਿਚ ਵੀ ਅਜਿਹੀ ਕਿਸੇ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ, ਧਰਨੇ ਲਾਉਣ ਜਾਂ ਲਾਊਡ ਸਪੀਕਰ ਵਜਾਉਣ 'ਤੇ ਵੀ ਮੁਕੰਮਲ ਪਾਬੰਦੀ ਲਾਈ ਗਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਉਕਤ ਨਿਰਧਾਰਿਤ ਸਥਾਨਾਂ ਤੋਂ ਇਲਾਵਾ ਹੋਰ ਕਿਸੇ ਵੀ ਥਾਂ/ਸੜ੍ਹਕ 'ਤੇ ਰੋਸ ਧਰਨਾ/ਪ੍ਰਦਰਸ਼ਨ ਕਰਨ 'ਤੇ ਪਾਬੰਦੀ ਹੋਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਹੁਕਮ 4 ਸਤੰਬਰ 2026 ਤੱਕ ਲਾਗੂ ਰਹਿਣਗੇ।

# ਸਚਦੇਵਾ ਸਟਾਕਸ ਨੂੰ ਮਿਲਿਆ 'ਆਈਕੋਨਿਕ ਬ੍ਰਾਂਡ ਆਫ਼ ਨੌਰਥ' ਐਵਾਰਡ

## ਇਹ ਐਵਾਰਡ ਪੂਰੀ ਟੀਮ ਦੀ ਸਖ਼ਤ ਮਿਹਨਤ ਦਾ ਨਤੀਜਾ: ਪਰਮਜੀਤ ਸਚਦੇਵਾ

**ਹੁਸ਼ਿਆਰਪੁਰ 6 ਜੁਲਾਈ (ਤਰਸੇਮ ਦੀਵਾਨਾ)** – ਸਚਦੇਵਾ ਸਟਾਕਸ ਨੂੰ ਉੱਤਰੀ ਭਾਰਤ (ਨੌਰਥ ਇੰਡੀਆ) ਵਿੱਚ ਫਾਈਨੈਂਸ਼ੀਅਲ ਲਿਟਰੇਸੀ (ਵਿੱਤੀ ਸਾਖਰਤਾ) ਅਤੇ ਇਨਵੈਸਟਮੈਂਟ ਐਜੂਕੇਸ਼ਨ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਬਦਲੇ 'ਆਈਕੋਨਿਕ ਬ੍ਰਾਂਡ ਆਫ਼ ਨੌਰਥ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਚੰਡੀਗੜ੍ਹ ਦੇ ਹੋਟਲ ਰੈਡੀਸਨ ਵਿੱਚ ਆਯੋਜਿਤ ਇੱਕ ਵੱਡੇ ਸਮਾਰੋਹ ਦੌਰਾਨ ਦਿੱਤਾ ਗਿਆ। ਜਾਣੇ-ਪਛਾਣੇ ਫ਼ਿਲਮ ਐਕਟਰ, ਸਿੰਗਰ ਅਤੇ ਪ੍ਰੋਡਿਊਸਰ ਨੀਲ ਨਿਤਿਨ ਮੁਕੇਸ਼ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਕਾਮਯਾਬੀ ਹਾਸਲ ਕਰਨ ਵਾਲੀਆਂ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨੇ ਸਚਦੇਵਾ ਸਟਾਕਸ ਨੂੰ 'ਆਈਕੋਨਿਕ ਬ੍ਰਾਂਡ ਆਫ਼ ਨੌਰਥ' ਐਵਾਰਡ ਦਿੱਤਾ ਅਤੇ ਫਾਈਨੈਂਸ਼ੀਅਲ ਅਵੇਅਰਨੈੱਸ (ਵਿੱਤੀ ਜਾਗਰੂਕਤਾ) ਦੇ ਖੇਤਰ ਵਿੱਚ ਸੰਸਥਾ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ।



ਸਚਦੇਵਾ ਸਟਾਕਸ ਦੇ ਫਾਊਂਡਰ ਅਤੇ ਡਾਇਰੈਕਟਰ ਪਰਮਜੀਤ ਸਚਦੇਵਾ ਨੇ ਇਹ ਐਵਾਰਡ ਹਾਸਲ ਕਰਦਿਆਂ ਇਸ ਸਫਲਤਾ ਦਾ ਸਿਹਰਾ ਆਪਣੀ ਪੂਰੀ ਟੀਮ ਅਤੇ ਸਟਾਫ਼ ਸਿਰ ਬੰਨ੍ਹਿਆ। ਉਨ੍ਹਾਂ ਕਿਹਾ ਕਿ ਇਹ ਸਨਮਾਨ ਸਿਰਫ਼ ਇੱਕ ਵਿਅਕਤੀ ਦਾ ਨਹੀਂ, ਸਗੋਂ ਪੂਰੀ ਟੀਮ ਦੀ ਸਖ਼ਤ ਮਿਹਨਤ, ਲਗਨ ਅਤੇ ਭਰੋਸੇ ਦਾ ਨਤੀਜਾ ਹੈ। ਉਨ੍ਹਾਂ ਦੱਸਿਆ ਕਿ ਸਚਦੇਵਾ ਸਟਾਕਸ ਦਾ ਮੁੱਖ ਮਕਸਦ ਲੋਕਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣਾ ਅਤੇ ਉਨ੍ਹਾਂ ਨੂੰ ਸਹੀ ਨਿਵੇਸ਼ (ਇਨਵੈਸਟਮੈਂਟ) ਬਾਰੇ ਜਾਣਕਾਰੀ ਦੇਣਾ ਹੈ। ਪਰਮਜੀਤ ਸਚਦੇਵਾ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਫਾਈਨੈਂਸ਼ੀਅਲ ਲਿਟਰੇਸੀ ਬਹੁਤ ਜ਼ਰੂਰੀ ਹੈ। ਨਿਵੇਸ਼ ਅਤੇ ਮਨੀ ਮੈਨੇਜਮੈਂਟ ਬਾਰੇ ਸਹੀ ਜਾਣਕਾਰੀ ਨਾ ਹੋਣ ਕਾਰਨ ਬਹੁਤ ਸਾਰੇ ਲੋਕ ਆਪਣੀ ਬਚਤ (ਸੇਵਿੰਗਜ਼) ਦਾ ਸਹੀ ਫਾਇਦਾ ਨਹੀਂ ਉਠਾ ਪਾਉਂਦੇ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸਚਦੇਵਾ ਸਟਾਕਸ ਲਗਾਤਾਰ ਸੈਮੀਨਾਰਾਂ, ਵਰਕਸ਼ਾਪਾਂ ਅਤੇ ਟ੍ਰੇਨਿੰਗ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਸਟਾਕ ਮਾਰਕੀਟ, ਮਿਊਚਲ ਫੰਡ ਅਤੇ ਹੋਰ ਨਿਵੇਸ਼ ਵਿਕਲਪਾਂ ਬਾਰੇ ਜਾਗਰੂਕ ਕਰ ਰਿਹਾ ਹੈ। ਉਨ੍ਹਾਂ ਅਖ਼ੀਰ ਵਿੱਚ ਕਿਹਾ ਕਿ ਸੰਸਥਾ ਦਾ ਮਕਸਦ ਸਿਰਫ਼ ਬਿਜ਼ਨਸ ਕਰਨਾ ਨਹੀਂ, ਸਗੋਂ ਸਮਾਜ ਵਿੱਚ ਵਿੱਤੀ ਜਾਗਰੂਕਤਾ ਫੈਲਾਉਣਾ ਹੈ, ਤਾਂ ਜੋ ਆਮ ਲੋਕ ਬਿਹਤਰ ਤਰੀਕੇ ਨਾਲ ਆਪਣੇ ਫਾਈਨੈਂਸ਼ੀਅਲ ਪਲਾਨ ਬਣਾ ਸਕਣ ਅਤੇ ਆਰਥਿਕ ਤੌਰ 'ਤੇ ਆਤਮਨਿਰਭਰ ਹੋ ਸਕਣ। ਉਨ੍ਹਾਂ ਕਿਹਾ ਕਿ ਇਹ ਐਵਾਰਡ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵੀ ਬਿਹਤਰ ਕੰਮ ਕਰਨ ਦੀ ਪ੍ਰੇਰਣਾ ਦੇਵੇਗਾ।

**ਫੋਟੋ ਅਜਮੇਰ ਦੀਵਾਨਾ**

# ਮਾਨ ਸਰਕਾਰ ਨੇ ਮਾਵਾਂ-ਧੀਆਂ ਨਾਲ ਕੀਤਾ ਇੱਕ ਹੋਰ ਵੱਡਾ ਵਾਅਦਾ ਪੂਰਾ ਕੀਤਾ: ਵਿਧਾਇਕਾ ਸੰਤੋਸ਼ ਕਟਾਰੀਆ

● ਬਲਾਚੌਰ ਵਿਖੇ 'ਮਾਵਾਂ-ਧੀਆਂ ਸਤਿਕਾਰਯੋਗ ਯੋਜਨਾ' ਤਹਿਤ ਕਰਵਾਇਆ ਗਿਆ ਵਿਸ਼ੇਸ਼ ਸਮਾਗਮ ● ਔਰਤਾਂ ਦੇ ਖਾਤਿਆਂ 'ਚ ਪਾਈ 3 ਮਹੀਨਿਆਂ ਦੀ ਇਕੱਠੀ ਰਾਸ਼ੀ

**ਬਲਾਚੌਰ, 6 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):** ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਆਰਥਿਕ ਸਸ਼ਕਤੀਕਰਨ ਲਈ ਸ਼ੁਰੂ ਕੀਤੀ ਗਈ ਇਤਿਹਾਸਕ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰਯੋਗ ਯੋਜਨਾ' ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਦਿਆਂ ਬਲਾਚੌਰ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਹਲਕਾ ਯੂਥ ਪ੍ਰਧਾਨ ਕਰਨਵੀਰ ਕਟਾਰੀਆ ( ਮੈਂਬਰ ਜ਼ਿਲਾ ਪਰਿਸ਼ਦ ਨਵਾਸ਼ਹਿਰ) ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਮਾਗਮ ਦੌਰਾਨ ਹਲਕੇ ਦੀਆਂ ਸੈਂਕੜੇ ਮਾਵਾਂ-ਧੀਆਂ ਦੇ ਖਾਤਿਆਂ ਵਿੱਚ ਯੋਜਨਾ ਦੀ ਰਾਸ਼ੀ ਤਬਦੀਲ ਹੋਣ 'ਤੇ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

ਸਮਾਗਮ ਦੌਰਾਨ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਚੋਣਾਂ ਦੌਰਾਨ ਮਾਵਾਂ-ਧੀਆਂ ਨਾਲ ਕੀਤਾ ਇੱਕ ਹੋਰ ਵੱਡਾ ਵਾਅਦਾ ਪੂਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ, "'ਮਾਵਾਂ-ਧੀਆਂ ਸਤਿਕਾਰਯੋਗ ਯੋਜਨਾ' ਸਿਰਫ਼ ਇੱਕ ਵਿੱਤੀ ਸਹਾਇਤਾ ਨਹੀਂ, ਸਗੋਂ ਔਰਤਾਂ ਨੂੰ ਸਮਾਜ ਵਿੱਚ ਸਵੈ-ਮਾਣ ਅਤੇ ਆਤਮ-ਨਿਰਭਰਤਾ ਦੇਣ ਦਾ ਇੱਕ ਵੱਡਾ ਉਪਰਾਲਾ ਹੈ। ਇਸ ਯੋਜਨਾ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ 1,000 ਰੁਪਏ ਅਤੇ ਐੱਸ.ਸੀ. ਵਰਗ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਸਿੱਧਾ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜੇ ਜਾ ਰਹੇ ਹਨ।" ਵਿਧਾਇਕਾ ਕਟਾਰੀਆ ਨੇ ਦੱਸਿਆ ਕਿ ਸਰਕਾਰ ਨੇ ਪਹਿਲੀ ਵਾਰ ਵਿੱਚ ਹੀ 3 ਮਹੀਨਿਆਂ ਦੀ ਇਕੱਠੀ ਰਾਸ਼ੀ ਔਰਤਾਂ ਦੇ ਖਾਤਿਆਂ ਵਿੱਚ ਪਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਮਾਨ ਸਰਕਾਰ ਦੀ ਕਥਨੀ ਅਤੇ ਕਰਨੀ ਵਿੱਚ ਕੋਈ ਫਰਕ ਨਹੀਂ ਹੈ।





ਇਸ ਮੌਕੇ ਹਲਕਾ ਯੂਥ ਪ੍ਰਧਾਨ ਕਰਨਵੀਰ ਕਟਾਰੀਆ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਲਾਚੌਰ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੀਆਂ ਔਰਤਾਂ ਅੰਦਰ ਇਸ ਯੋਜਨਾ ਨੂੰ ਲੈ ਕੇ ਭਾਰੀ ਉਤਸ਼ਾਹ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਅਤੇ ਹਰ ਵਾਰਡ ਪੱਧਰ 'ਤੇ ਵਿਸ਼ੇਸ਼ ਕੈਂਪ ਲਗਾ ਕੇ ਯੋਗ ਔਰਤਾਂ ਦੇ ਫਾਰਮ ਭਰੇ ਜਾ ਰਹੇ ਹਨ ਤਾਂ ਜੋ ਕੋਈ ਵੀ ਲੋੜਵੰਦ ਇਸ ਲਾਭ ਤੋਂ ਵਾਂਝੀ ਨਾ ਰਹੇ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹੀ ਲੋਕ-ਪੱਖੀ ਯੋਜਨਾ ਲਿਆਂਦੀ ਗਈ ਹੈ, ਜਿਸ ਨਾਲ ਘਰ-ਘਰ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ। ਸਮਾਗਮ ਦੌਰਾਨ ਬੁਲਾਰਿਆਂ ਨੇ ਮਾਨ ਸਰਕਾਰ ਦੀਆਂ ਪ੍ਰਮੁੱਖ ਪ੍ਰਾਪਤੀਆਂ 'ਤੇ ਚਾਨਣਾ ਪਾਇਆ, ਜਿਨ੍ਹਾਂ ਵਿੱਚ ਸ਼ਾਮਲ ਹਨ ਪੰਜਾਬ ਦੇ 90 ਫੀਸਦੀ ਤੋਂ ਵੱਧ ਪਰਿਵਾਰਾਂ ਦਾ ਬਿਜਲੀ ਬਿੱਲ 'ਜ਼ੀਰੋ' ਆ ਰਿਹਾ ਹੈ।

ਹਜ਼ਾਰਾਂ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਅਤੇ ਆਮ ਆਦਮੀ ਕਲੀਨਿਕਾਂ' ਰਾਹੀਂ ਲੋਕਾਂ ਨੂੰ ਮੁਫ਼ਤ ਇਲਾਜ, ਦਵਾਈਆਂ ਅਤੇ ਟੈਸਟਾਂ ਦੀ ਸਹੂਲਤ ਮਿਲ ਰਹੀ ਹੈ।'ਸਕੂਲ ਆਫ਼ ਐਮੀਨੈਂਸ' ਰਾਹੀਂ ਗਰੀਬ ਬੱਚਿਆਂ ਲਈ ਵਿਸ਼ਵ ਪੱਧਰੀ ਸਿੱਖਿਆ ਯਕੀਨੀ ਬਣਾਈ ਗਈ ਹੈ। ਅਤੇ ਸਿੰਚਾਈ ਲਈ ਨਹਿਰੀ ਪਾਣੀ ਦੀ ਵਰਤੋਂ 22% ਤੋਂ ਵਧਾ ਕੇ 80% ਤੱਕ ਪਹੁੰਚਾ ਕੇ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ।ਸਮਾਗਮ ਦੇ ਅੰਤ ਵਿੱਚ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਹਲਕਾ ਯੂਥ ਪ੍ਰਧਾਨ ਕਰਨਵੀਰ ਕਟਾਰੀਆ ਨੇ ਇਲਾਕੇ ਦੀਆਂ ਔਰਤਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਨੇ ਅਜੇ ਤੱਕ ਇਸ ਯੋਜਨਾ ਲਈ ਰਜਿਸਟ੍ਰੇਸ਼ਨ ਨਹੀਂ ਕਰਵਾਈ, ਉਹ ਆਪਣੇ ਨੇੜਲੇ ਸੇਵਾ ਕੇਂਦਰ ਜਾਂ ਆਂਗਣਵਾੜੀ ਕੇਂਦਰ ਵਿੱਚ ਜਾ ਕੇ ਤੁਰੰਤ ਆਪਣੇ ਫਾਰਮ ਭਰਨ।ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ, ਸੀਨੀਅਰ ਵਾਈਸ ਪ੍ਰਧਾਨ ਹਰਵਿੰਦਰ ਕੌਰ, ਵਾਈਸ ਪ੍ਰਧਾਨ ਰਣਜੀਤ ਸਿੰਘ ਕਾਕਾ ,ਸਮੂਹ ਐਮ ਸੀ, ਬਲਾਕ ਪ੍ਰਧਾਨ ਹਨੀ ਜੇਗੇਵਾਲ, ਵਿਸ਼ੂ ਰਾਣਾ , , ਕਲਦੀਪ ਕੁਮਾਰ ਹਲਕਾ ਪ੍ਰਧਾਨ ਸ਼ਫ਼ ਵਿੰਗ , ਰਾਮ-ਪਾਲ ਮਹੇਸ਼ੀ, ਜਸਵਿੰਦਰ ਸਿਆਨ, ਗੁਰਪ੍ਰੀਤ ਸਿੰਘ ਅਤੇ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਅਕਾਲ ਤਖ਼ਤ ਸਾਹਿਬ ਦਾ ਸਨਮਾਨ ਬਰਕਰਾਰ ਰੱਖਿਆ ਜਾਵੇ: ਇਕਬਾਲ ਸਿੰਘ ਫੇਰੂਰਾਈਂ

ਰਾਏਕੋਟ ( ਗੁਰਭਿੰਦਰ ਗੁਰੀ, )ਸਿੱਖ ਕੌਮ ਨਾਲ ਜੁੜੇ ਮੌਜੂਦਾ ਧਾਰਮਿਕ ਅਤੇ ਸਮਾਜਿਕ ਮਸਲਿਆਂ ਨੂੰ ਲੈ ਕੇ ਇਕਬਾਲ ਸਿੰਘ ਫੇਰੂਰਾਈਂ ਨੇ ਆਪਣਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਿੱਖ ਕੌਮ ਨੂੰ ਵੋਟਾਂ ਦੀ ਰਾਜਨੀਤੀ ਲਈ ਜਾਣਬੁੱਝ ਕੇ ਉਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਅਜਿਹੀਆਂ ਸਿਆਸੀ ਚਾਲਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਭੜਕਾਊ ਪ੍ਰਚਾਰ ਦਾ ਹਿੱਸਾ ਨਹੀਂ ਬਣਨਾ ਚਾਹੀਦਾ। ਇਕਬਾਲ ਸਿੰਘ ਫੇਰੂਰਾਈਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਰਵਉੱਚ ਧਾਰਮਿਕ ਸੰਸਥਾ ਹੈ, ਜਿਸ ਦੀ ਮਰਿਆਦਾ ਅਤੇ ਸਨਮਾਨ ਨੂੰ ਹਰ ਸਿੱਖ ਲਈ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ 'ਤੇ ਕੋਈ ਵੀ ਸਵਾਲ ਨਹੀਂ ਉਠਾਇਆ ਜਾ



ਸਕਦਾ ਅਤੇ ਇਸ ਸਬੰਧੀ ਬੋਲਦੇ ਸਮੇਂ ਹਰ ਵਿਅਕਤੀ ਨੂੰ ਸੰਜਮ ਅਤੇ ਸਤਿਕਾਰ ਵਾਲੀ ਭਾਸ਼ਾ ਵਰਤਣੀ ਚਾਹੀਦੀ ਹੈ। ਉਨ੍ਹਾਂ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਉਸ ਦੇ ਆਗੂਆਂ ਦੇ ਪ੍ਰਭਾਵ ਹੇਠ ਆ ਕੇ ਆਪਸੀ ਵੰਡ ਦਾ ਸ਼ਿਕਾਰ ਨਾ ਹੋਣ। ਉਨ੍ਹਾਂ ਕਿਹਾ ਕਿ ਪੰਥਕ ਏਕਤਾ ਅਤੇ ਆਪਸੀ ਭਾਈਚਾਰੇ ਨੂੰ ਕਾਇਮ ਰੱਖਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਨਾਲ ਹੀ ਉਨ੍ਹਾਂ ਸਾਰਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਪੂਰਾ ਸਤਿਕ-ਾਰ ਰੱਖਣ ਅਤੇ ਉਸ ਲਈ ਗਲਤ ਜਾਂ ਅਪਮਾਨਜਨਕ ਸ਼ਬਦਾਵਲੀ ਵਰਤਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ।ਇਕਬਾਲ ਸਿੰਘ ਫੇਰਰਾਈਂ ਨੇ ਕਿਹਾ ਕਿ ਸਿੱਖ ਕੌਮ ਨੂੰ ਸਿਆਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਪੰਥਕ ਹਿੱਤਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਂ ਜੋ ਕੌਮ ਦੀ ਏਕਤਾ ਅਤੇ ਸਨਮਾਨ ਹਰ ਹਾਲ ਵਿੱਚ ਬਰਕਰਾਰ ਰਹੇ।

# ਪਿੰਡ ਜਾਡਲੀ ਵਿਖੇ ਵਿਕਾਸ ਦੀ ਨਵੀਂ ਸ਼ੁਰੂਆਤ

## ਵਿਧਾਇਕਾ ਸੰਤੋਸ਼ ਕਟਾਰੀਆ ਨੇ ਕੀਤਾ ਗਲੀਆਂ ਨਾਲੀਆਂ ਦਾ ਉਦਘਾਟਨ

**ਬਲਾਚੌਰ, 6 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਬਲਾਚੌਰ ਤੋਂ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਅੱਜ ਪਿੰਡ ਜਾਡਲੀ ਵਿਖੇ ਸਰਬਸੰਮਤੀ ਨਾਲ ਚੁਣੀ ਗਈ ਪੰਚਾਇਤ ਅਤੇ ਪਿੰਡ ਦੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਪਿੰਡ ਦੀ ਪੰਚਾਇਤ ਨੂੰ ਮਿਲੀ 5 ਲੱਖ ਰੁਪਏ ਦੀ ਗ੍ਰਾਂਟ ਨਾਲ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ ਤਿਆਰ ਕੀਤੀਆਂ ਨਵੀਆਂ ਗਲੀਆਂ, ਨਾਲੀਆਂ ਅਤੇ ਗੰਦੇ ਪਾਣੀ ਦੀ ਨਿਕਾਸੀ ਦੇ ਮੁਕੰਮਲ ਹੋਏ ਕੰਮਾਂ ਨੂੰ ਅੱਜ ਲੋਕ ਅਰਪਣ ਕੀਤਾ ਗਿਆ। ਪਿੰਡ ਜਾਡਲੀ ਦੀ ਸਰਬਸੰਮਤੀ ਨਾਲ ਚੁਣੀ ਪੰਚਾਇਤ ਨੂੰ ਮਿਲੀ 5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਰਾਹੀਂ ਇਹ ਵਿਕਾਸ ਕਾਰਜ ਕਰਵਾਏ ਗਏ ਹਨ। ਬੁਨਿਆਦੀ ਢਾਂਚੇ ਵਿੱਚ ਪਿੰਡ ਵਿੱਚ ਨਵੀਆਂ ਗਲੀਆਂ, ਨਾਲੀਆਂ ਅਤੇ ਗੰਦੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਨੂੰ ਮੁਕੰਮਲ ਕੀਤਾ ਗਿਆ ਹੈ। ਇਹ ਸਾਰੇ ਕੰਮ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਅਤੇ ਗ੍ਰਾਮ ਪੰਚਾਇਤ ਦੇ ਸਾਂਝੇ ਯਤਨਾਂ ਨਾਲ ਸਿਰੇ ਚੜ੍ਹੇ ਹਨ। ਇਸ ਮੌਕੇ ਹਲਕੇ ਦੇ ਲੋਕਾਂ ਅਤੇ ਪੰਚਾਇਤ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼





ਕਟਾਰੀਆ ਨੇ ਆਖਿਆ ਕਿ"ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਦੌਰਾਨ ਜਨਤਾ ਨਾਲ ਕੀਤੇ ਹਰ ਇੱਕ ਵਾਅਦੇ ਨੂੰ ਇੰਨ-ਬਿੰਨ ਪੂਰਾ ਕੀਤਾ ਜਾ ਰਿਹਾ ਹੈ। ਵਿਧਾਨ ਸਭਾ ਹਲਕੇ ਅੰਦਰ ਵਿਕਾਸ ਕਾਰਜ ਬਹੁਤ ਹੀ ਤੇਜ਼ੀ ਨਾਲ ਚੱਲ ਰਹੇ ਹਨ ਅਤੇ ਪਿੰਡਾਂ ਦੀ ਨੁਹਾਰ ਬਦਲਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।"ਉਦਘਾਟਨੀ ਸਮਾਰੋਹ ਦੌਰਾਨ ਪਿੰਡ ਦੇ ਪਤਵੰਤੇ ਸੱਜਣਾਂ ਤੋਂ ਇਲਾਵਾ ਇਲਾਕੇ ਦੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਬੀਬੀ ਸਤਵੰਤ ਕੌਰ (ਸਰਪੰਚ, ਪਿੰਡ ਜਾਡਲੀ) ਹਰੀਪਾਲ ਸਿੰਘ ਬੈਂਸ (ਡਾਇਰੈਕਟਰ, ਸ਼ੂਗਰਫੈੱਡ ਪੰਜਾਬ) ਜਸਪਾਲ ਸਿੰਘ ਜਾਡਲੀ ਪਿੰਡ ਵਾਸੀਆਂ ਵੱਲੋਂ ਹਲਕਾ ਵਿਧਾਇਕਾ ਦਾ ਧੰਨਵਾਦ ਕੀਤਾ ਗਿਆ ਅਤੇ ਵਿਸ਼ਵਾਸ ਦਿਵਾਇਆ ਗਿਆ ਕਿ ਪਿੰਡ ਦੀ ਪੰਚਾਇਤ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਇੱਕਜੁੱਟ ਹੋ ਕੇ ਪਿੰਡ ਦੀ ਤਰੱਕੀ ਲਈ ਕੰਮ ਕਰਦੀ ਰਹੇਗੀ।

# ਐਡਵੋਕੇਟ ਸੰਜੀਵ ਚੌਧਰੀ ਚੇਚੀ ਦੇ ਜਨ ਸੰਪਰਕ ਅਭਿਆਨ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ, ਆਸਰੋਂ ਵਿਖੇ ਨੁੱਕੜ ਮੀਟਿੰਗ ਰੈਲੀ ਵਿੱਚ ਤਬਦੀਲ

## ਹਲਕੇ ਦੇ ਨੌਜਵਾਨ ਆਗੂ ਦੀ ਲੋਕਪ੍ਰਿਯਤਾ ਕਾਰਨ ਮੀਟਿੰਗਾਂ 'ਚ ਉਮੜ ਰਿਹਾ ਲੋਕਾਂ ਦਾ ਠਾਠਾਂ ਮਾਰਦਾ ਇਕੱਠ

**ਬਲਾਚੌਰ, 6 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਵਿਧਾਨ ਸਭਾ ਹਲਕਾ ਬਲਾਚੌਰ ਦੇ ਨੌਜਵਾਨ ਆਗੂ ਐਡਵੋਕੇਟ ਸੰਜੀਵ ਚੌਧਰੀ ਚੇਚੀ ਵੱਲੋਂ ਹਲਕੇ ਦੇ ਪਿੰਡਾਂ ਵਿੱਚ ਚਲਾਇਆ ਜਾ ਰਿਹਾ ਜਨ ਸੰਪਰਕ ਅਭਿਆਨ ਲਗਾਤਾਰ ਸਫ਼ਲਤਾ ਦੀਆਂ ਨਵੀਆਂ ਬੁਲੰਦੀਆਂ ਛੂਹ ਰਿਹਾ ਹੈ। ਇਸੇ ਲੜੀ ਤਹਿਤ ਪਿੰਡ ਆਸਰੋਂ ਵਿਖੇ ਕੀਤੀ ਗਈ ਇੱਕ ਨੁੱਕੜ ਮੀਟਿੰਗ ਨੇ ਉਸ ਸਮੇਂ ਵੱਡੀ ਰੈਲੀ ਦਾ ਰੂਪ ਧਾਰਨ ਕਰ ਲਿਆ, ਜਦੋਂ ਇਲਾਕੇ ਦੇ ਲੋਕ ਭਾਰੀ ਗਿਣਤੀ ਵਿੱਚ ਇਕੱਠੇ ਹੋ ਗਏ। ਆਸਰੋਂ ਵਿਖੇ ਉਮੜਿਆ ਇਹ ਠਾਠਾਂ ਮਾਰਦਾ ਇਕੱਠ ਐਡਵੋਕੇਟ ਚੌਧਰੀ ਦੀ ਇਲਾਕੇ ਵਿੱਚ ਵਧ ਰਹੀ ਲੋਕਪ੍ਰਿਯਤਾ ਦਾ ਸਪੱਸ਼ਟ ਸਬੂਤ ਪੇਸ਼ ਕਰਦਾ ਹੈ। ਐਡਵੋਕੇਟ ਸੰਜੀਵ ਚੌਧਰੀ ਚੇਚੀ ਦੇ ਹਲਕੇ ਵਿੱਚ ਆਉਣ ਨਾਲ ਨੌਜਵਾਨਾਂ ਅਤੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਹਨਾਂ ਦੇ ਉੱਚੇ ਸਿਆਸੀ ਆਗੂਆਂ ਨਾਲ ਮਜ਼ਬੂਤ ਰਾਬਤੇ ਅਤੇ ਇਲਾਕੇ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਸਦਕਾ ਉਹ ਹਰ ਵਰਗ ਦੇ ਹਰਮਨਪਿਆਰੇ ਬਣ ਚੁੱਕੇ ਹਨ। ਚਾਹੇ ਇਲਾਕੇ ਦੇ ਡੇਅਰੀ ਫਾਰਮਰਾਂ ਨਾਲ ਸਬੰਧਤ ਮਸਲੇ ਹੋਣ, ਖੇਤੀਬਾੜੀ ਲਈ ਟਿਊਬਵੈੱਲਾਂ ਦੇ ਕੰਮ ਹੋਣ ਜਾਂ ਹੋਰ ਅਨੇਕਾਂ ਸਥਾਨਕ ਸਮੱਸਿਆਵਾਂ, ਐਡਵੋਕੇਟ





ਚੌਧਰੀ ਨੇ ਹਮੇਸ਼ਾ ਅੱਗੇ ਹੋ ਕੇ ਇਹਨਾਂ ਦਾ ਹੱਲ ਕਰਵਾਇਆ ਹੈ, ਜਿਸ ਕਾਰਨ ਲੋਕਾਂ ਦਾ ਉਹਨਾਂ ਉੱਪਰ ਵਿਸ਼ਵਾਸ ਲਗਾਤਾਰ ਪੱਕਾ ਹੁੰਦਾ ਜਾ ਰਿਹਾ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਸੰਜੀਵ ਚੌਧਰੀ ਚੇਚੀ ਨੇ ਦੱਸਿਆ ਕਿ ਉਹ ਹਲਕੇ ਦੇ ਹਰ ਪਿੰਡ ਵਿੱਚ ਜਾ ਕੇ ਲੋਕਾਂ ਦੀਆਂ ਦਿੱਕਤਾਂ ਅਤੇ ਮੁਸ਼ਕਿਲਾਂ ਨੂੰ ਨਿੱਜੀ ਤੌਰ 'ਤੇ ਸੁਣ ਰਹੇ ਹਨ। ਉਹਨਾਂ ਕਿਹਾ ਕਿ ਇਸ ਜਨ ਸੰਪਰਕ ਅਭਿਆਨ ਦਾ ਮੁੱਖ ਮਕਸਦ ਲੋਕਾਂ ਨਾਲ ਵਿਚਾਰ ਸਾਂਝੇ ਕਰਨਾ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਹੀ ਹੱਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਨਾ ਹੈ। ਉਹਨਾਂ ਸਪੱਸ਼ਟ ਕੀਤਾ ਕਿ ਹਲਕੇ ਦੇ ਲੋਕਾਂ ਵੱਲੋਂ ਮਿਲ ਰਿਹਾ ਇਹ ਪਿਆਰ ਅਤੇ ਸਹਿਯੋਗ ਉਹਨਾਂ ਨੂੰ ਲੋਕਾਂ ਦੀ ਸੇਵਾ ਲਈ ਹੋਰ ਵੀ ਤਤਪਰ ਹੋ ਕੇ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ।

# ਡਿਪਟੀ ਕਮਿਸ਼ਨਰ ਨੇ ਕੀਤੀ ਜ਼ਿਲ੍ਹਾ ਸਹਿਕਾਰਤਾ ਵਿਕਾਸ ਕਮੇਟੀ ਦੀ ਮੀਟਿੰਗ

- ਸਹਿਕਾਰੀ ਸੇਵਾਵਾਂ ਨੂੰ ਮਿੱਥੇ ਟੀਚੇ ਮੁਕੰਮਲ ਕਰਨ ਦੀ ਹਦਾਇਤ
- ਸਹਿਕਾਰੀ ਬੈਂਕਾਂ ਨੂੰ ਬਿਹਤਰ ਸੇਵਾਵਾਂ ਦੇਣ ਦੀ ਹਦਾਇਤ



**ਨਵਾਂਸ਼ਹਿਰ, 6 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਸਹਿਕਾਰਤਾ ਵਿਕਾਸ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਜ਼ਿਲ੍ਹੇ ਦੀਆਂ ਸਹਿਕਾਰੀ ਸੰਸਥਾਵਾਂ ਦੇ ਕੰਮਕਾਜ, ਕਿਸਾਨਾਂ ਨੂੰ ਕਰਜ਼ੇ, ਖਾਦ-ਬੀਜ ਦੀ ਸਪਲਾਈ ਅਤੇ ਸਹਿਕਾਰੀ ਬੈਂਕਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਨੇ ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿੱਤੀ ਸਾਲ 2026-27 ਲਈ ਮਿੱਥੇ ਗਏ ਸਾਰੇ ਟੀਚੇ ਨਿਰਧਾਰਤ ਸਮੇਂ ਵਿੱਚ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਆਮ ਲੋਕਾਂ ਨੂੰ ਸਹਿਕਾਰੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਮਿਲੇ, ਇਹ ਯਕੀਨੀ ਬਣਾਇਆ ਜਾਵੇ। ਸਹਿਕਾਰੀ ਬੈਂਕਾਂ ਦੇ ਕੰਮਕਾਜ ਬਾਰੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੈਂਕਾਂ ਵਿੱਚ ਆਉਣ ਵਾਲੇ ਗਾਹਕਾਂ ਨਾਲ ਸ਼ਿਸ਼ਟਾਚਾਰ ਅਤੇ ਸਤਿਕਾਰ ਨਾਲ ਪੇਸ਼ ਆਇਆ ਜਾਵੇ। ਕਰਜ਼ਿਆਂ ਦੇ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਫਸਲੀ ਕਰਜ਼ੇ ਸਮੇਂ ਸਿਰ ਮੁਹੱਈਆ ਕਰਵਾਏ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਡਿਜੀਟਲ ਲੈਣ-ਦੇਣ ਅਤੇ ਨਵੀਆਂ ਸਹੂਲਤਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਬਿਹਤਰ ਸੇਵਾਵਾਂ ਮਿਲ ਸਕਣ। ਉਨ੍ਹਾਂ ਸਹਿਕਾਰੀ ਖਰੀਦ ਕੇਂਦਰਾਂ ਨੂੰ ਹਦਾਇਤ ਕੀਤੀ ਕਿ ਆਉਣ ਵਾਲੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਮਿਆਰੀ ਖਾਦ, ਬੀਜ ਅਤੇ ਕੀਟਨਾਸ਼ਕ ਦਵਾਈਆਂ ਸਮੇਂ ਸਿਰ ਅਤੇ ਸਹੀ ਰੇਟਾਂ 'ਤੇ ਉਪਲਬਧ ਕਰਵਾਈਆਂ ਜਾਣ। ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕਰਨ ਲਈ ਪਾਰਦਰਸ਼ਤਾ ਅਤੇ ਜਵਾਬਦੇਹੀ ਬਹੁਤ ਜ਼ਰੂਰੀ ਹੈ। ਸਾਰੀਆਂ ਸਹਿਕਾਰੀ ਸੁਸਾਇਟੀਆਂ ਦਾ ਨਿਯਮਿਤ ਆਡਿਟ ਕਰਵਾਇਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਬੇਨਿਯਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਤੇਰੇ ਤੁਰ ਜਾਣ ਤੋਂ ਮਗਰੋਂ

ਗੱਲ ਗੱਲ 'ਤੇ ਸਾਡਾ ਜ਼ਿਕਰ ਕਰੇ ,
ਕੋਈ ਮੁੜ ਕੇ ਨਹੀਂ ਮਿਲ਼ੀ ।
ਜਿਹੜੀ ਤੇਰੇ ਵਾਂਗੂੰ ਫ਼ਿਕਰ ਕਰੇ ,
ਕੋਈ ਮੁੜ ਕੇ ਨਹੀਂ ਮਿਲ਼ੀ ।
ਕੁਝ ਵੀ ਬਿਨ ਕਰਿਆਂ ਤੋਂ ਸ਼ੁਕਰਾਨਾ,
ਤੂੰ ਜਿਉਂ ਕਰਦੀ ਹੁੰਦੀ ਸੀ ;
ਤੇਰੇ ਵਾਂਗ ਸਬਰ ਤੇ ਸ਼ੁਕਰ ਕਰੇ ,
ਕੋਈ ਮੁੜ ਕੇ ਨਹੀਂ ਮਿਲ਼ੀ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

## ਝੂਠ ਦੀ ਮੰਡੀ

ਝੂਠ ਦੀ ਸਜੀ ਮੰਡੀ ਸੱਚ ਦੀਆਂ ਬੰਦ ਦੁਕਾਨਾਂ
ਗੈਰਤੋਂ ਸੱਖਣੇ ਮਰਦ ਤੇ ਲੋਕ ਲੱਜ ਰਹਿਤ ਰਕਾਨਾਂ।

ਕਲਯੁੱਗ ਜੋਬਨ ਸਦਕਾ ਬੁੱਕਦਾ ਅਸਮਾਨੀ ਥੁੱਕਦਾ
ਨੈਤਿਕਤਾ ਟੰਗ ਛਿੱਕੇ ਫਰੇਬ ਦਾ ਘੋੜਾ ਨਾ ਰੁੱਕਦਾ॥

ਫਿਜ਼ਾ ਵਿੱਚ ਜ਼ਹਿਰਾਂ ਘੁਲੀਆਂ ਦਮ ਹੁਣ ਘੁੱਟਦਾ
ਸੱਚਿਆਂ ਦੀ ਮਰੀ ਅਣਖ ਪੈਰ ਨਾ ਹੁਣ ਪੰਧ ਤੇ ਪੁੱਟਦਾ।

ਰੱਬ ਨੂੰ ਮਨਾਉਣ ਲਈ ਕਈ ਚੋਜ ਤੇ ਚੱਲੀਆਂ ਰੀਤਾਂ
ਕਿੱਸੇ ਇਸ਼ਕ ਵਿੱਚ ਕਿਤਾਬਾਂ ਮੋਹ ਨਾ ਰਹਿਆ ਵਿੱਚ ਪ੍ਰੀਤਾਂ॥

ਸੱਖਣੀ ਸੱਖਣੀ ਜਾਪੇ ਹੁਣ ਸਾਂਝਾ ਵਾਲੀ ਸੱਥ
ਉੱਲੂ ਬੋਲਣ ਥਾਂ ਉਸ ਤੋਂ ਜਿੱਥੇ ਔਖੇ ਲੰਘਦੇ ਸੀ ਰੱਥ।

ਵਕਤ ਦੇ ਮਾਰਿਆਂ ਨੂੰ ਜ਼ਿੰਦਗੀ ਤੋਂ ਮੌਤ ਹੁੰਦੀ ਭਲੀ
ਘੱਟੋ ਘੱਟ ਸੱਚ ਨੂੰ ਛੱਡ ਝੂਠ ਨਾਲ ਤਾਂ ਨਾ ਰਲੀ।



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## "ਚੋਣ ਲੜਾਵਾਂਗੇ"

ਪਤਨੀ:
ਗੱਲ ਸੁਣ ਲੈ ਮੇਰੀ ਮੱਖਣਾਂ
ਸੋਚਿਆ ਸੀ ਕੀ ਤੈਨੂੰ ਦੱਸਣਾ
ਲੰਘਦੀ ਦੀ ਆ ਕੋਲੋਂ ਥੁੱਕ ਕੇ, ਲਾ-ਲਾ ਗੱਲਾਂ ਕਰਦੀ ਆ
ਰੰਨ ਸਰਪੰਚ ਦੀ ਮੇਰੇ ਨਾਲ ਬਿਨ ਗੱਲੋਂ ਲੜਦੀ ਆ


ਪਤੀ:
ਨੀ ਦਿਨ ਕੱਟ ਲੈ ਔਖੇ-ਸੌਖੇ
ਹਰ ਵਾਰੀ ਨੀ ਮਿਲਦੇ ਮੌਕੇ
ਜੋ ਹਰ ਇੱਕ ਨਾਲ ਧੱਕਾ ਕਰਦੇ, ਐਤਕੀਂ ਸਬਕ ਸਿਖਾਵਾਂਗੇ
ਅਕਾਲੀਆਂ ਵੱਲੋਂ ਤੈਨੂੰ ਮਿੱਠੀਏ, ਚੋਣ ਲੜਾਵਾਂਗੇ

ਪਤਨੀ:
ਕਹਿੰਦੀ ਮੈਂ ਸਰਪੰਚਣੀ, ਮੇਰਾ ਪਿੰਡ 'ਚ ਚੱਲਦਾ ਸਿੱਕਾ
ਬੋਲਣ ਦੀ ਨੀ ਅਕਲ ਤੇ, ਨਾ ਕੋਈ ਵੇਖੇ ਵੱਡਾ-ਨਿੱਕਾ
ਮੇਰੇ ਲੱਗਿਆ ਸੁਰਖੀ-ਪਾਊਡਰ, ਚੌਧਰੀ ਵੇਖ ਕੇ ਸੜਦੀ ਆ
ਰੰਨ ਸਰਪੰਚ ਦੀ ਮੇਰੇ ਨਾਲ ਬਿਨ ਗੱਲੋਂ ਲੜਦੀ ਆ

ਪਤੀ:
ਚਿੰਤਾ ਕਰਨੀ ਛੱਡ ਦੇ ਨੀ, ਹੁਣ ਜਾਗ ਪਏ ਆ ਲੋਕੀ
ਬਹੁਤੇ ਹੰਕਾਰੀਏ ਹੋਇਆਂ ਦੀ ਆਪੇ ਜਾਣੀ ਮੰਜੀ ਠੋਕੀ
ਗੁਰਮੀਤ ਡੁਮਾਣੇ ਵਾਲੇ ਨੂੰ ਆਪਾਂ ਨਾਲ ਰਲਾਵਾਂਗੇ
ਅਕਾਲੀਆਂ ਵੱਲੋਂ ਤੈਨੂੰ ਮਿੱਠੀਏ, ਚੋਣ ਲੜਾਵਾਂਗੇ

ਪਤਨੀ:
ਰੰਨ ਸਰਪੰਚ ਦੀ ਮੇਰੇ ਨਾਲ ਬਿਨ ਗੱਲੋਂ ਲੜਦੀ ਆ


ਪਤੀ:
ਅਕਾਲੀਆਂ ਵੱਲੋਂ ਤੈਨੂੰ ਮਿੱਠੀਏ, ਚੋਣ ਲੜਾਵਾਂਗੇ




**ਲੇਖਕ: ਗੁਰਮੀਤ ਡੁਮਾਣਾ**
**ਪਿੰਡ: ਲੋਹੀਆਂ ਖਾਸ, ਜ਼ਿਲ੍ਹਾ: ਜਲੰਧਰ**

## .ਗਜ਼ਲ

ਤੇਰੇ ਦਰ ਦੀ ਮਿੱਟੀ ਨੂੰ ਮੈਂ ਸੁਰਮਾ ਬਣਾ ਲਿਆ,
ਆਪਣੀਆਂ ਅੱਖਾਂ ਦਾ ਹਰ ਇੱਕ ਖ਼ੁਆਬ ਮਿਟਾ ਲਿਆ।
ਤੇਰੇ ਇਸ਼ਕ਼ ਨੇ ਰੂਹ ਨੂੰ ਐਸਾ ਨੂਰ ਬਖ਼ਸ਼ ਦਿੱਤਾ,
ਹਰ ਧੜਕਣ ਨੂੰ ਤੇਰਾ ਨਾਮ ਬਣਾ ਲਿਆ।
ਮੈਂ ਸਜਦੇ ਨਹੀਂ ਗਿਣੇ, ਮੈਂ ਹੰਝੂ ਨਹੀਂ ਗਿਣੇ,
ਤੇਰੀ ਰਜ਼ਾ ਨੂੰ ਹੀ ਆਪਣਾ ਕਲਾਮ ਬਣਾ ਲਿਆ।
ਨਾ ਤਖ਼ਤ ਦੀ ਖ਼ਾਹਿਸ਼, ਨਾ ਤਾਜ ਦੀ ਆਰਜ਼ੂ ਰਹੀ,
ਤੇਰੀ ਇੱਕ ਝਲਕ ਨੂੰ ਹੀ ਇਨਾਮ ਬਣਾ ਲਿਆ।
ਜਿਸ ਦਿਨ ਅਨਾ ਦਾ ਆਖ਼ਰੀ ਪਰਦਾ ਵੀ ਢਹਿ ਗਿਆ,
ਉਸ ਦਿਨ ਆਪਣੇ ਆਪ ਨੂੰ ਤੇਰਾ ਗੁਲਾਮ ਬਣਾ ਲਿਆ।
'ਵੀਰਪਾਲ' ਤੇਰੇ ਇਸ਼ਕ਼ ਵਿੱਚ ਆਪਣਾ ਨਾਮ ਵੀ ਭੁੱਲ ਗਈ,
ਹਰ ਸਾਹ ਨੂੰ ਤੇਰਾ ਪੈਗ਼ਾਮ ਬਣਾ ਲਿਆ।



**ਵੀਰਪਾਲ ਭੱਠਲ**



# ਸਾਰੇ ਵਿਦਿਅਕ ਅਦਾਰਿਆਂ ਵਿੱਚ ਐੱਸ.ਆਈ.ਆਰ.-2026 ਤਹਿਤ ਸਵੀਪ ਗਤੀਵਿਧੀਆਂ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਜਾਵੇ : ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸੰਜੀਵ ਸ਼ਰਮਾ

## ਕੈਂਪਸ ਐਂਬੈਸਡਰ ਨਿਯੁਕਤ ਕਰਕੇ ਨੌਜਵਾਨਾਂ ਨੂੰ ਵੋਟਰ ਜਾਗਰੂਕਤਾ ਮੁਹਿੰਮ ਨਾਲ ਜੋੜਨ ਦੇ ਨਿਰਦੇਸ਼

**ਨਵਾਂਸ਼ਹਿਰ, 6 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ.-2026) ਤਹਿਤ ਵੋਟਰ ਜਾਗਰੂਕਤਾ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸੋਮਵਾਰ ਨੂੰ ਜ਼ਿਲ੍ਹੇ ਦੇ ਸਵੀਪ ਨੋਡਲ ਅਧਿਕਾਰੀਆਂ ਨਾਲ ਇੱਕ ਸਮੀਖਿਆ ਮੀਟਿੰਗ ਆਯੋਜਿਤ ਕੀਤੀ ਗਈ।

ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਨੇ ਜ਼ਿਲ੍ਹੇ ਦੇ ਸਵੀਪ ਨੋਡਲ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਨਿੱਜੀ ਕਾਲਜਾਂ ਅਤੇ ਤਕਨੀਕੀ ਵਿਦਿਅਕ ਸੰਸਥਾਵਾਂ ਵਿੱਚ ਸਵੀਪ ਗਤੀਵਿਧੀਆਂ ਯੋਜਨਾਬੱਧ ਅਤੇ ਸਮਾਂਬੱਧ ਢੰਗ ਨਾਲ ਕਰਵਾਈਆਂ ਜਾਣ ਤਾਂ ਜੋ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਵੋਟਾਂ ਬਣਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਚੋਣ ਪ੍ਰਸ਼ਾਸਨ ਦਾ ਉਦੇਸ਼ ਹਰ ਯੋਗ ਨਾਗਰਿਕ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਪੂਰੀ ਪ੍ਰਕਿਰਿਆ ਨੂੰ ਨਿਰਪੱਖ, ਪਾਰਦਰਸ਼ੀ ਅਤੇ ਲੋਕ-ਕੇਂਦਰਿਤ ਬਣਾਉਣਾ ਹੈ।

ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਨੋਡਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸਮੂਹ ਵਿਦਿਅਕ ਅਦਾਰਿਆਂ ਵਿੱਚ ਐੱਸ.ਆਈ.ਆਰ.-2026 ਤਹਿਤ ਸਵੀਪ ਗਤੀਵਿਧੀਆਂ ਲਈ ਵਿਸਥਾਰਤ ਕਾਰਜ-ਯੋਜਨਾ ਤਿਆਰ ਕਰਕੇ ਸਮੇਂ ਸਿਰ ਲਾਗੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹਰੇਕ



ਵਿਦਿਅਕ ਅਦਾਰੇ ਵਿੱਚ ਇੱਕ ਸੀਨੀਅਰ ਅਧਿਆਪਕ ਨੂੰ ਨੋਡਲ ਅਫ਼ਸਰ ਅਤੇ ਇੱਕ ਸੀਨੀਅਰ ਵਿਦਿਆਰਥੀ ਨੂੰ ਕੈਂਪਸ ਐਂਬੈਸਡਰ ਨਿਯੁਕਤ ਕਰਕੇ ਵੋਟਰ ਜਾਗਰੂਕਤਾ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇ।

ਉਨ੍ਹਾਂ ਨੋਡਲ ਅਧਿਕਾਰੀਆਂ ਨੂੰ ਸਵੀਪ ਗਤੀਵਿਧੀਆਂ ਅਧੀਨ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਲਈ ਜਾਗਰੂਕਤਾ ਸੈਮੀਨਾਰ, ਭਾਸ਼ਣ, ਪੋਸਟਰ ਮੇਕਿੰਗ, ਕੁਇਜ, ਸਹੁੰ ਚੁੱਕ ਸਮਾਰੋਹ, ਜਾਗਰੂਕਤਾ ਰੈਲੀਆਂ ਕੱਢਣ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਕਰਵਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਉਨ੍ਹਾਂ ਨੂੰ ਵੋਟ ਬਣਾਉਣ ਅਤੇ ਵੋਟ ਦੀ ਸਹੀ ਵਰਤੋਂ ਕਰਨ ਸਬੰਧੀ ਜਾਣਕਾਰੀ ਮਿਲ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਦਾ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀ ਵਿਆਪਕ ਪ੍ਰਚਾਰ-ਪ੍ਰਸਾਰ ਯਕੀਨੀ ਬਣਾਇਆ ਜਾਏ। ਉਨ੍ਹਾਂ ਨੋਡਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰੇਕ ਗਤੀਵਿਧੀ ਦੀ ਨਿਰੰਤਰ ਨਿਗਰਾਨੀ ਕੀਤੀ ਜਾਵੇ ਅਤੇ ਐੱਸ.ਆਈ.ਆਰ.-2026 ਸਬੰਧੀ ਸਾਰੇ ਕਾਰਜ ਨਿਰਧਾਰਿਤ ਸਮਾਂ-ਸੀਮਾ ਅੰਦਰ ਪੂਰੇ ਕੀਤੇ ਜਾਣ। ਮੀਟਿੰਗ ਦੌਰਾਨ ਉਨ੍ਹਾਂ ਵਿਦਿਅਕ ਅਦਾਰਿਆਂ ਵਿੱਚ ਸਥਾਪਿਤ ਇਲੈਕਟੋਰਲ ਲਿਟਰੇਸੀ ਕਲੱਬਾਂ (ਈ.ਐੱਲ.ਸੀਜ) ਨੂੰ ਸਰਗਰਮ ਕਰਨ ਅਤੇ ਨਿਯਮਿਤ ਮੀਟਿੰਗਾਂ ਕਰਵਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਈ.ਐੱਲ.ਸੀ. ਕਲੱਬਾਂ ਰਾਹੀਂ ਨੌਜਵਾਨਾਂ ਨੂੰ ਲੋਕਤੰਤਰਿਕ ਮੁੱਲਾਂ, ਚੋਣ ਪ੍ਰਕਿਰਿਆ, ਵੋਟਰ ਰਜਿਸਟ੍ਰੇਸ਼ਨ ਅਤੇ ਜ਼ਿੰਮੇਵਾਰ ਵੋਟਿੰਗ ਬਾਰੇ ਲਗਾਤਾਰ ਜਾਗਰੂਕ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਵੀਪ ਗਤੀਵਿਧੀਆਂ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਚੋਣ ਪ੍ਰਕਿਰਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਯੋਗ ਨਾਗਰਿਕਾਂ ਨੂੰ ਵੋਟਰ ਵਜੋਂ ਰਜਿਸਟਰ ਕਰਵਾਉਣ ਲਈ ਪ੍ਰੇਰਿਤ ਕਰਨਾ ਅਤੇ ਸ਼ੁੱਧ ਅਤੇ ਭਰੋਸੇਯੋਗ ਵੋਟਰ ਸੂਚੀ ਤਿਆਰ ਕਰਨ ਵਿੱਚ ਨੌਜਵਾਨਾਂ ਦੀ ਖਾਸ ਕਰਕੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਅਤੇ ਉਨ੍ਹਾਂ ਦੀ ਵੋਟਰ ਵਜੋਂ ਸ਼ਮੂਲੀਅਤ ਯਕੀਨੀ ਬਣਾਉਣਾ ਹੈ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ.)-2026 ਦੌਰਾਨ ਹਰ ਯੋਗ ਵੋਟਰ ਆਪਣੀ ਵੋਟਰ ਜਾਣਕਾਰੀ ਦੀ ਤਸਦੀਕ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਏ, ਤਾਂ ਜੋ ਵੋਟਰ ਸੂਚੀਆਂ ਨੂੰ ਹੋਰ ਸ਼ੁੱਧ, ਅੱਪਡੇਟ ਅਤੇ ਭਰੋਸੇਯੋਗ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਹੀ ਅਤੇ ਤਰੁੱਟੀ-ਰਹਿਤ ਵੋਟਰ ਸੂਚੀ ਲੋਕਤੰਤਰ ਦੀ ਮਜ਼ਬੂਤੀ ਦਾ ਅਹਿਮ ਆਧਾਰ ਹੈ। ਇਸ ਲਈ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਅਤੇ ਆਪਣੇ ਪਰਿਵਾਰ ਦੀ ਵੋਟਰ ਜਾਣਕਾਰੀ ਦੀ ਜਾਂਚ ਕਰੇ ਅਤੇ ਲੋੜ ਪੈਣ 'ਤੇ ਸਮੇਂ ਸਿਰ ਸਹੀ ਵੇਰਵੇ ਮੁਹੱਈਆ ਕਰਵਾਏ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਐੱਸ.ਆਈ.ਆਰ. ਦਾ ਉਦੇਸ਼ ਕਿਸੇ ਯੋਗ ਵੋਟਰ ਨੂੰ ਵਾਂਝਾ ਰੱਖਣਾ ਨਹੀਂ, ਸਗੋਂ ਵੋਟਰ ਸੂਚੀਆਂ ਵਿੱਚ ਮੌਜੂਦ ਤਰੁੱਟੀਆਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਹੀ ਅਤੇ ਪਾਰਦਰਸ਼ੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੋਟਰ ਨੂੰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਟੋਲ ਫ੍ਰੀ ਨੰਬਰ 1950, ਜ਼ਿਲ੍ਹਾ ਪੱਧਰੀ ਹੈਲਪ ਡੈਸਕ 'ਤੇ ਸੰਪਰਕ ਕਰ ਸਕਦਾ ਹੈ।

# ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੇ 125ਵੇਂ ਜਨਮ ਦਿਵਸ ਮੌਕੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ ਸਵੈ-ਇੱਛੁਕ ਖੂਨਦਾਨ ਕੈਂਪ ਦਾ ਆਯੋਜਨ

## ਰਾਜਵਿੰਦਰ ਲੱਕੀ ਨੇ ਕੀਤਾ ਉਦਘਾਟਨ, ਨਿਯਮਿਤ ਖੂਨਦਾਨ ਨੂੰ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਦੱਸਿਆ

**ਨਵਾਂਸ਼ਹਿਰ, 6 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਕ੍ਰਿਸ਼ਨਾ ਯੂਥ ਕਲੱਬ (ਰਜਿ.) ਵੱਲੋਂ ਯੁਵਾ ਕਾਰਜਕ੍ਰਮ ਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮੇਰਾ ਯੁਵਾ ਭਾਰਤ , ਐੱਸ.ਬੀ.ਐੱਸ. ਨਗਰ ਦੇ ਈ ਤੱਤਵਾਧਾਨ ਹੇਠ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੇ 125ਵੇਂ ਜਨਮ ਦਿਵਸ ਮੌਕੇ ਬੀ.ਡੀ.ਸੀ. ਬਲੱਡ ਸੈਂਟਰ, ਰਾਹੋਂ ਰੋਡ ਵਿਖੇ ਸਵੈ-ਇੱਛੁਕ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਬੀ.ਡੀ.ਸੀ. ਬਲੱਡ ਸੈਂਟਰ ਦਾ ਤਕਨੀਕੀ ਸਹਿਯੋਗ ਰਿਹਾ । ਇਹ ਕੈਂਪ ਨੌਜਵਾਨਾਂ ਵਿੱਚ ਸੇਵਾ ਭਾਵਨਾ, ਰਾਸ਼ਟਰ ਨਿਰਮਾਣ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਸੋਚ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ।

ਕੈਂਪ ਦਾ ਉਦਘਾਟਨ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਲੱਕੀ ਨੇ ਕੀਤਾ। ਉਨ੍ਹਾਂ ਕਿਹਾ ਕਿ ਖੂਨਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ। ਖੂਨ ਦਾ ਕੋਈ ਵਿਕਲਪ ਨਹੀਂ ਹੈ ਅਤੇ ਹਰ ਤੰਦਰੁਸਤ ਵਿਅਕਤੀ ਨੂੰ ਨਿਯਮਿਤ ਤੌਰ 'ਤੇ ਖੂਨਦਾਨ ਕਰਕੇ ਲੋੜਵੰਦ ਮਰੀਜ਼ਾਂ ਦੀ ਜ਼ਿੰਦਗੀ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਖੂਨਦਾਨ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਵਜੋਂ ਅਪਣਾਉਣ ਦੀ ਅਪੀਲ ਕੀਤੀ।

ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਦੇ ਕੁਲਵਿੰਦਰ ਸਿੰਘ ਨੇ ਕਿਹਾ ਕਿ ਕਲੱਬ ਪਿਛਲੇ ਕਈ ਸਾਲਾਂ ਤੋਂ ਖੂਨਦਾਨ, ਵਾਤਾਵਰਨ ਸੰਭਾਲ, ਨਸ਼ਾ ਮੁਕਤੀ, ਸਿਹਤ ਜਾਗਰੂਕਤਾ ਅਤੇ ਹੋਰ ਸਮਾਜ ਸੇਵੀ ਕਾਰਜਾਂ ਰਾਹੀਂ ਸਮਾਜ ਦੀ ਸੇਵਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਲੱਬ ਦਾ ਟੀਚਾ ਜ਼ਿਲ੍ਹੇ ਵਿੱਚ ਸਵੈ-ਇੱਛੁਕ ਖੂਨਦਾਨ ਨੂੰ ਜਨ ਅੰਦੋਲਨ ਦਾ ਰੂਪ ਦੇਣਾ ਹੈ।




ਉਨ੍ਹਾਂ ਕਿਹਾ ਕਿ ਜੇ ਹਰ ਤੰਦਰੁਸਤ ਨੌਜਵਾਨ ਸਾਲ ਵਿੱਚ ਘੱਟੋ-ਘੱਟ ਦੋ ਵਾਰ ਖੂਨਦਾਨ ਕਰਨ ਦਾ ਸੰਕਲਪ ਲਏ ਤਾਂ ਕਿਸੇ ਵੀ ਮਰੀਜ਼ ਨੂੰ ਖੂਨ ਦੀ ਕਮੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਉਨ੍ਹਾਂ ਸਾਰੇ ਖੂਨਦਾਤਾਵਾਂ ਦਾ ਧੰਨਵਾਦ ਕਰਦਿਆਂ ਹੋਰ ਨੌਜਵਾਨਾਂ ਨੂੰ ਵੀ ਇਸ ਸੇਵਾ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ।


ਐਡਵੋਕੇਟ ਵਿਸ਼ਾਲ ਸ਼ਰਮਾ ਨੇ ਕਿਹਾ ਕਿ ਖੂਨਦਾਨ ਸਮਾਜਿਕ ਜ਼ਿੰਮੇਵਾਰੀ ਦਾ ਸਭ ਤੋਂ ਵਧੀਆ ਉਦਾਹਰਨ ਹੈ। ਇੱਕ ਯੂਨਿਟ ਖੂਨ ਕਿਸੇ ਲੋੜਵੰਦ ਪਰਿਵਾਰ ਲਈ ਨਵੀਂ ਉਮੀਦ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਸੜਕ ਹਾਦਸਿਆਂ, ਗੰਭੀਰ ਬਿਮਾਰੀਆਂ, ਥੈਲੇਸੀਮੀਆ ਅਤੇ ਆਪ੍ਰੇਸ਼ਨਾਂ ਦੌਰਾਨ ਕਈ ਮਰੀਜ਼ਾਂ ਦੀ ਜ਼ਿੰਦਗੀ ਸਮੇਂ ਸਿਰ ਮਿਲੇ ਖੂਨ 'ਤੇ ਨਿਰਭਰ ਕਰਦੀ ਹੈ। ਇਸ ਲਈ ਹਰ ਤੰਦਰੁਸਤ ਵਿਅਕਤੀ ਨੂੰ ਭਰਮਾਂ ਤੋਂ ਉੱਪਰ ਉੱਠ ਕੇ ਨਿਯਮਿਤ ਸਵੈ-ਇੱਛੁਕ ਖੂਨਦਾਨ ਕਰਨਾ ਚਾਹੀਦਾ ਹੈ।

ਕਲੱਬ ਦੇ ਮੈਂਬਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਦਾ ਨੌਜਵਾਨ ਸਮਾਜਿਕ ਬਦਲਾਅ ਦੀ ਸਭ ਤੋਂ ਵੱਡੀ ਤਾਕਤ ਹੈ। ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਨਾਲ ਹੀ ਸਵੈ-ਇੱਛੁਕ ਖੂਨਦਾਨ ਨੂੰ ਲੋਕ ਲਹਿਰ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰ ਨੌਜਵਾਨ ਖੁਦ ਖੂਨਦਾਤਾ ਬਣੇ ਅਤੇ ਆਪਣੇ ਦੋਸਤਾਂ, ਪਰਿਵਾਰਕ ਮੈਂਬਰਾਂ ਅਤੇ ਹੋਰਨਾਂ ਨੂੰ ਵੀ ਖੂਨਦਾਨ ਲਈ ਪ੍ਰੇਰਿਤ ਕਰੇ।

ਇਸ ਮੌਕੇ ਬੀ.ਡੀ.ਸੀ. ਬਲੱਡ ਸੈਂਟਰ ਦੇ ਫਾਇਨਾਂਸ ਸਕੱਤਰ ਪ੍ਰਵੇਸ਼ ਕੁਮਾਰ, ਆਫਿਸ ਸਕੱਤਰ ਨਰਿੰਦਰ ਪਾਲ, ਵਿਸ਼ਵਾਸ ਸੇਵਾ ਸੁਸਾਇਟੀ ਦੇ ਪਰਵਿੰਦਰ ਬੱਤਰਾ, ਦੋਆਬਾ ਸੇਵਾ ਸਮਿਤੀ ਦੇ ਰਤਨ ਜੈਨ, ਭਾਰਤ ਵਿਕਾਸ ਪਰਿਸ਼ਦ ਦੇ ਪ੍ਰਦੀਪ ਸ਼ਾਰਦਾ, ਭਾਜਪਾ ਐੱਸ.ਸੀ. ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਚੇਤ ਰਾਮ ਰਤਨ, ਬਹਾਦਰ ਚੰਦ ਅਰੋੜਾ, ਮਨੀਸ਼ ਅਗਨੀਹੋਤਰੀ, ਐਡਵੋਕੇਟ ਵਿਕਰਮ ਸ਼ਰਮਾ, ਸੰਤੋਸ਼ ਸ਼ਰਮਾ, ਪੁਨੀਤ ਪ੍ਰਭਾਕਰ, ਮਹੇਸ਼ ਹੈਪੀ , ਅਮਿਤ ਸ਼ਰਮਾ, ਮਨੀਸ਼ ਸ਼ਰਮਾ, ਜਸਪ੍ਰੀਤ ਸਿੰਘ, ਵਿਸ਼ਾਲ ਚੋਪੜਾ, ਪਵਨਦੀਪ ਅਤੇ ਹਰਪ੍ਰੀਤ ਸਿੰਘ ਹਾਜ਼ਰ ਸਨ।ਕਲੱਬ ਦੇ ਅਹੁਦੇਦਾਰਾਂ ਨੇ ਬੀ.ਡੀ.ਸੀ. ਬਲੱਡ ਸੈਂਟਰ ਦੀ ਮੈਡੀਕਲ ਟੀਮ ਦੇ ਬੀ.ਟੀ.ਓ. ਡਾ. ਦਿਆਲ ਸਰੂਪ, ਮੈਨੇਜਰ ਮਨਮੀਤ ਸਿੰਘ, ਰਾਜਿੰਦਰ ਠਾਕੁਰ ਅਤੇ ਨੇਹਾ ਕੌਸ਼ਲ ਦਾ ਕੈਂਪ ਦੇ ਸਫਲ ਆਯੋਜਨ ਅਤੇ ਤਕਨੀਕੀ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਭਵਿੱਖ ਵਿੱਚ ਵੀ ਸਵੈ-ਇੱਛੁਕ ਖੂਨਦਾਨ ਨੂੰ ਜਨ ਅੰਦੋਲਨ ਬਣਾਉਣ ਲਈ ਸਮੇਂ-ਸਮੇਂ 'ਤੇ ਜਾਗਰੂਕਤਾ ਮੁਹਿੰਮਾਂ, ਪ੍ਰੇਰਕ ਪ੍ਰੋਗਰਾਮਾਂ ਅਤੇ ਖੂਨਦਾਨ ਕੈਂਪਾਂ ਦਾ ਆਯੋਜਨ ਕਰਦਾ ਰਹੇਗਾ, ਤਾਂ ਜੋ ਕਿਸੇ ਵੀ ਲੋੜਵੰਦ ਮਰੀਜ਼ ਨੂੰ ਖੂਨ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸਾਰੇ ਖੂਨਦਾਤਾਵਾਂ, ਮਹਿਮਾਨਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ।

# ਕਾਂਗਰਸ ਪਾਰਟੀ ਨੂੰ ਪੰਜਾਬ ਅੰਦਰ ਨਵੀਂ ਸ਼ਡਿਊਲਡ ਕਾਸਟ ਨੌਜਵਾਨ ਲੀਡਰਸ਼ਿਪ ਨੂੰ ਅੱਗੇ ਵਧਾਉਣਾ ਚਾਹੀਦਾ ਹੈ- ਅੰਮ੍ਰਿਤਪਾਲ ਭੌਂਸਲੇ

**ਫਿਲੌਰ/ਅੱਪਰਾ 6 ਜੁਲਾਈ (ਦੀਪਾ)**–ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐਸ ਆਈ ਆਰ ਦੇ ਕੋਆਰਡੀਨੇਟਰ ਸ੍ਰੀ ਅੰਮ੍ਰਿਤਪਾਲ ਭੌਂਸਲੇ ਨੇ ਇਕ ਪ੍ਰੈੱਸ ਜਾਰੀ ਕਰਦਿਆਂ ਕਿਹਾ ਕਿ ਦੇਸ਼ ਅੰਦਰ ਕਾਂਗਰਸ ਪਾਰਟੀ ਰਾਸ਼ਟਰੀ ਪ੍ਰਧਾਨ ਸ੍ਰੀ ਮਲਿਕਾ ਅਰੁਜਨ ਖੜਗੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸ੍ਰੀ ਰਾਹੁਲ ਗਾਂਧੀ ਜੀ ਦੀ ਅਗਵਾਈ ਵਿੱਚ ਭਾਰਤ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਲਈ ਸੰਘਰਸ਼ ਕਰ ਰਹੀ ਹੈ। ਕਿਉਂਕਿ ਦੇਸ਼ ਅੰਦਰ ਭਾਰਤੀਯ ਜਨਤਾ ਪਾਰਟੀ ਦੀ ਮੋਦੀ ਸਰਕਾਰ ਜਿਹੋ ਹਾਲਾਤ ਪੈਦਾ ਕੀਤੇ ਹਨ ਉਸ ਵਿੱਚ ਸਿਆਸੀ ਅਸਥਿਰਤਾ ਧੱਕੇ ਨਾਲ ਰਾਜਸੀ ਧਿਰਾਂ ਦਾ ਅੰਤ ਦਰਸਾਉਂਦਾ ਹੈ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਸੰਵਿਧਾਨ ਅਤੇ ਲੋਕਤੰਤਰ ਖ਼ਤਰੇ ਵਿੱਚ ਹੈ। ਦੇਸ਼ ਦੇ ਦਲਿਤ ਪੱਛੜੇ ਅਤੇ ਘੱਟ ਗਿਣਤੀਆਂ ਦੇ ਲੋਕਾਂ ਦਾ ਸ਼ੋਸਣ



ਹੋ ਰਿਹਾ ਹੈ ਜੇਕਰ ਦੇਸ਼ ਅੰਦਰ ਕੋਈ ਸਾਡੀ ਬਾਂਹ ਫੜ ਰਿਹਾ ਹੈ ਉਹ ਹੈ ਸ੍ਰੀ ਰਾਹੁਲ ਗਾਂਧੀ। ਸ੍ਰੀ ਭੌਂਸਲੇ ਨੇ ਅੱਗੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਪੰਜਾਬ ਅੰਦਰ ਨਵੀਂ ਸ਼ਡਿਊਲਡ ਕਾਸਟ ਨੌਜਵਾਨ ਲੀਡਰਸ਼ਿਪ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਤਾਂ ਜੋ ਰਾਹੁਲ ਗਾਂਧੀ ਦਾ ਬਹੁਜਨ ਸਮਾਜ ਪ੍ਰਤੀ ਨਜ਼ਰੀਆ ਆਮ ਲੋਕਾਂ ਤੱਕ ਪਹੁੰਚਾਇਆ ਜਾ ਸਕੇ, ਉਨ੍ਹਾਂ ਕਿਹਾ ਕਿ ਪੀੜ੍ਹੀ ਦਰ ਪੀੜ੍ਹੀ ਕਾਂਗਰਸ ਪਾਰਟੀ ਤੋਂ ਲਾਭ ਉਠਾ ਕੇ ਸਮਾਜ ਦੀ ਬਾਂਹ ਨਾ ਫੜਣ ਵਾਲੇ ਲੋਕਾਂ ਨੂੰ ਬਹੁਜਨ ਸਮਾਜ ਦੇ ਲੋਕ ਨਾਕਾਰ ਦੇਣਗੇ ਕਿਉਂਕਿ ਉਹ ਲੋਕ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਅਤੇ ਰਾਹੁਲ ਗਾਂਧੀ ਦੀ 'ਜਿੰਨੀ ਜਿਨ੍ਹਾ ਦੀ ਸੰਖਿਆ ਭਾਰੀ ਉਨੀਂ ਉਨ੍ਹਾਂ ਦੀ ਹਿੱਸੇਦਾਰੀ' ਪ੍ਰੋਗਰਾਮ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਨਾਕਾਮਯਾਬ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕਾਂਗਰਸ ਦੇਸ਼ ਅਤੇ ਪੰਜਾਬ ਨੂੰ ਬਚਾ ਸਕਦੀ ਹੈ ਸਾਨੂੰ ਕਾਂਗਰਸ ਪਾਰਟੀ ਦਾ ਸਾਥ ਦੇਣਾ ਚਾਹੀਦਾ ਹੈ। ਸ੍ਰੀ ਭੌਂਸਲੇ ਨੇ ਅੱਗੇ ਕਿਹਾ ਨਵੀਂ ਸ਼ਡਿਊਲਡ ਕਾਸਟ ਨੌਜਵਾਨ ਲੀਡਰਸ਼ਿਪ ਆਪਣੇ ਸਮਾਜ ਦਾ ਭਲਾ ਕਰਨ ਵਿੱਚ ਸਮਰੱਥ ਹੈ, ਕਿਉਂਕਿ ਕੁਝ ਆਪਣੇ ਬੱਚਿਆਂ ਨੂੰ ਐਡਜਸਟ ਦੇ ਚੱਕਰ ਵਿੱਚ ਹਨ ਅਤੇ ਕੁਝ ਲੋਕ ਰਾਖਵਾਂਕਰਨ ਦਾ ਲਾਹਾ ਨੌਕਰੀਆਂ ਵਿੱਚ ਲੈਕੇ ਫੇਰ ਰਾਜਸੀ ਲਾਹਾ ਲੈਣ ਲਈ ਸਿਆਸਤ ਵਿੱਚ ਆਉਣਾ ਚਾਹੁੰਦੇ ਹਨ ਜਿਨ੍ਹਾਂ ਦਾ ਪਹਿਲਾ ਸਮਾਜ ਦੀ ਤਰੱਕੀ ਵਿੱਚ ਕੋਈ ਯੋਗਦਾਨ ਨਹੀਂ ਹੈ, ਉਹ ਲੋਕ ਸੰਘਰਸ਼ੀਲ ਨੌਜਵਾਨ ਲੋਕਾਂ ਦਾ ਹੱਕ ਮਾਰਨਾ ਚਾਹੁੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਕਾਂਗਰਸ ਮਜ਼ਬੂਤੀ ਨਾਲ ਪੰਜਾਬ ਦੇ ਭਲੇ ਲਈ ਕੰਮ ਕਰੇਗੀ ਅਤੇ 2027 ਵਿੱਚ ਸਰਕਾਰ ਬਣਾਏਗੀ।

# 'ਚੋਰੀ- ਮਿਹਣਾ,ਯਾਰੀ ਮੇਹਣਾ ਮਿਹਨਤ ਦਾ ਕੀ ਮਿਹਣਾ': ਪਾਪੀ ਪੇਟ ਲਈ ਕੜਕਦੀ ਧੁੱਪ 'ਚ ਛੱਲੀਆਂ ਵੇਚ ਰਹੀ ਪ੍ਰਵਾਸੀ ਔਰਤ ਨੇ ਪੇਸ਼ ਕੀਤੀ ਮਿਸਾਲ

**ਹੁਸ਼ਿਆਰਪੁਰ 6 ਜੁਲਾਈ (ਤਰਸੇਮ ਦੀਵਾਨਾ )** – ਸਿਆਣੇ ਕਹਿੰਦੇ ਹਨ ਕਿ 'ਚੋਰੀ ਮਿਹਣਾ, ਯਾਰੀ ਮਿਹਣਾ, ਪਰ ਮਿਹਨਤ ਦਾ ਕੋਈ ਮਿਹਣਾ ਨਹੀਂ ਹੁੰਦਾ।' ਇਸੇ ਕਹਾਵਤ ਨੂੰ ਸੱਚ ਕਰ ਵਿਖਾਇਆ ਹੈ ਇੱਕ ਪ੍ਰਵਾਸੀ ਔਰਤ ਨੇ, ਜੋ ਸਮਾਜ ਦੇ ਤਾਹਨਿਆਂ-ਮਿਹਣਿਆਂ ਦੀ ਪਰਵਾਹ ਕੀਤੇ ਬਿਨਾਂ, ਸਿਰਫ਼ ਅਤੇ ਸਿਰਫ਼ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ (ਪਾਪੀ ਪੇਟ ਦੇ ਸਵਾਲ) ਲਈ ਦਿਨ-ਰਾਤ ਇੱਕ ਕਰ ਰਹੀ ਹੈ।

ਅੱਜ ਦੇ ਦੌਰ ਵਿੱਚ ਜਿੱਥੇ ਕਈ ਲੋਕ ਮਿਹਨਤ ਕਰਨ ਤੋਂ ਕਤਰਾਉਂਦੇ ਹਨ, ਉੱਥੇ ਹੀ ਇਹ ਹਿੰਮਤੀ ਪ੍ਰਵਾਸੀ ਔਰਤ ਕੜਕਦੀ ਧੁੱਪ ਦੇ ਵਿੱਚ ਸੜਕ ਕਿਨਾਰੇ ਬੈਠ ਕੇ ਛੱਲੀਆਂ ਭੁੰਨਣ ਦਾ ਕੰਮ ਕਰ ਰਹੀ ਹੈ। ਹੈਰਾਨੀ ਅਤੇ ਮਾਣ ਵਾਲੀ ਗੱਲ ਇਹ ਹੈ ਕਿ ਉਹ ਇਸ ਕੜਕਦੀ ਗਰਮੀ ਵਿੱਚ ਨਾ ਕੇਵਲ ਆਪਣੇ ਛੋਟੇ ਬੱਚੇ ਨੂੰ ਸੰਭਾਲ ਰਹੀ ਹੈ, ਬਲਕਿ ਨਾਲ ਦੀ ਨਾਲ ਬੜੀ ਲਗਨ



ਨਾਲ ਗਾਹਕਾਂ ਨੂੰ ਅਟੈਂਡ ਕਰਦੀ ਹੈ ਅਤੇ ਉਨ੍ਹਾਂ ਨੂੰ ਗਰਮਾ-ਗਰਮ ਛੱਲੀਆਂ ਭੁੰਨ ਕੇ ਦਿੰਦੀ ਹੈ। ਮੌਕੇ 'ਤੇ ਦੇਖਿਆ ਗਿਆ ਕਿ ਔਰਤ ਇੱਕੋ ਸਮੇਂ ਤਿੰਨ-ਤਿੰਨ ਜ਼ਿੰਮੇਵਾਰੀਆਂ ਨਿਭਾਅ ਰਹੀ ਹੈ। ਇੱਕ ਪਾਸੇ ਮਾਂ ਦੀ ਮਮਤਾ ਹੈ, ਜਿੱਥੇ ਉਹ ਆਪਣੇ ਬੱਚੇ ਦੀ ਦੇਖਭਾਲ ਕਰ ਰਹੀ ਹੈ, ਅਤੇ ਦੂਜੇ ਪਾਸੇ ਢਿੱਡ ਦੀ ਅੱਗ ਬੁਝਾਉਣ ਲਈ ਕੋਲਿਆਂ ਦੀ ਅੱਗ ਸਾਹਮਣੇ ਬੈਠ ਕੇ ਛੱਲੀਆਂ ਭੁੰਨ ਰਹੀ ਹੈ। ਆਉਣ-ਜਾਣ ਵਾਲੇ ਗਾਹਕਾਂ ਨਾਲ ਉਸ ਦਾ ਨਿਮਰਤਾ ਭਰਿਆ ਵਿਵਹਾਰ ਹਰ ਕਿਸੇ ਦਾ ਦਿਲ ਜਿੱਤ ਰਿਹਾ ਹੈ।ਇਸ ਬਹਾਦਰ ਔਰਤ ਦੀ ਇਹ ਹਿੰਮਤ ਉਨ੍ਹਾਂ ਲੋਕਾਂ ਦੇ ਮੁੱਖ 'ਤੇ ਇੱਕ ਕਰਾਰੀ ਚਪੇੜ ਹੈ ਜੋ ਹੱਥ-ਪੈਰ ਹੁੰਦਿਆਂ ਵੀ ਕੰਮ ਕਰਨ ਤੋਂ ਚੋਰੀ ਕਰਦੇ ਹਨ ਜਾਂ ਗ਼ਲਤ ਰਸਤਿਆਂ 'ਤੇ ਚੱਲਦੇ ਹਨ। ਇਹ ਪ੍ਰਵਾਸੀ ਔਰਤ ਸਾਬਤ ਕਰ ਰਹੀ ਹੈ ਕਿ ਜੇਕਰ ਮਨ ਵਿੱਚ ਇਮਾਨਦਾਰੀ ਅਤੇ ਮਿਹਨਤ ਦੀ ਭਾਵਨਾ ਹੋਵੇ, ਤਾਂ ਕੋਈ ਵੀ ਮੁਸ਼ਕਿਲ ਰਸਤੇ ਦਾ ਰੋੜਾ ਨਹੀਂ ਬਣ ਸਕਦੀ। ਲੋਕਾਂ ਵੱਲੋਂ ਇਸ ਮਿਹਨਤੀ ਔਰਤ ਦੇ ਜਜ਼ਬੇ ਨੂੰ ਸਲਾਮ ਕੀਤਾ ਜਾ ਰਿਹਾ ਹੈ।

ਫੋਟੋ ਅਜਮੇਰ ਦੀਵਾਨਾ

# ਜਿੱਤ-ਹਾਰ ਸਿੱਕੇ ਦੇ ਦੋ ਪਹਿਲੂ ਹਨ, ਫਿਰ ਵੀ ਵਾਰਡ ਵਾਸੀਆਂ ਦੀ ਸੇਵਾ ਲਈ ਮੈ ਦਿਨ-ਰਾਤ ਹਾਜ਼ਰ ਰਹਾਂਗਾ : ਮਨੀ ਫਰਵਾਹਾ

## 'ਕਾਰਪੋਰੇਸ਼ਨ ਚੋਣਾਂ ਦੇ ਨਤੀਜੇ ਅੰਤ ਨਹੀਂ, ਸਗੋਂ ਮੇਰੇ ਲਈ ਇੱਕ ਨਵੀਂ ਸ਼ੁਰੂਆਤ'

**ਹੁਸ਼ਿਆਰਪੁਰ 6 ਜੁਲਾਈ (ਤਰਸੇਮ ਦੀਵਾਨਾ )** – ਵਾਰਡ ਨੰਬਰ 26 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਮਨੀ ਫਰਵਾਹਾ ਨੇ ਚੋਣ ਨਤੀਜਿਆਂ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਾਰਡ ਦੇ ਸਮੂਹ ਵੋਟਰਾਂ ਅਤੇ ਸਪੋਰਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਕਿਹਾ ਕਿ ਜਿੱਤ-ਹਾਰ ਪ੍ਰਮਾਤਮਾ ਦੇ ਹੱਥ ਹੈ ਅਤੇ ਜਿੱਤ ਹਾਰ ਇੱਕ ਸਿੱਕੇ ਦੇ ਦੋ ਪਹਿਲੂ ਹਨ। ਮਨੀ ਫਰਵਾਹਾਂ ਨੇ ਕਿਹਾ ਕਿ ਹਾਰ ਦੇ ਬਾਵਜੂਦ ਵੀ ਮੈ ਵਾਰਡ ਦੇ ਵਿਕਾਸ ਅਤੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਾਂਗਾ । ਮਨੀ ਫਰਵਾਹਾ ਨੇ ਕਿਹਾ, "ਮੈਂ ਵਾਰਡ ਨੰਬਰ 26 ਦੇ ਸਾਰੇ ਵੋਟਰਾਂ ਅਤੇ ਸਪੋਟਰਾ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਵੋਟਾਂ ਪਾਈਆਂ, ਅਤੇ ਉਨ੍ਹਾਂ ਸਪੋਰਟਰਾਂ ਦਾ ਵੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਚੋਣ ਮੁਹਿੰਮ ਵਿੱਚ ਮੇਰਾ ਸਾਥ ਦਿੱਤਾ।" ਉਨ੍ਹਾਂ ਭਰੋਸਾ ਦਿਵਾਇਆ ਕਿ ਵਾਰਡ ਨਿਵਾਸੀਆਂ ਨੂੰ ਜਿੱਥੇ ਵੀ ਮੇਰੀ



ਲੋੜ ਪਵੇਗੀ,ਮੈ ਦਿਨ-ਰਾਤ ਹਰ ਵਕਤ ਵਾਰਡ ਵਾਸੀਆਂ ਲਈਂ ਹਾਜ਼ਰ ਰਹਾਗਾ । ਗੱਲਬਾਤ ਦੌਰਾਨ ਫਰਵਾਹਾ ਨੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੁੰਦਰ ਸ਼ਾਮ ਅਰੋੜਾ, ਉੱਘੇ ਕਾਂਗਰਸੀ ਆਗੂ ਵਿਸ਼ਵਨਾਥ ਬੰਟੀ ਅਤੇ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਂਡ ਨੇ ਉਨ੍ਹਾਂ ਨੂੰ ਟਿਕਟ ਦੇ ਕੇ ਵਾਰਡ ਨੰਬਰ 26 ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਬਖਸ਼ਿਆ ਸੀ ਅਤੇ ਮੈ ਉਮੀਦ ਕਰਦਾ ਹਾ ਕਿ ਅੱਗੇ ਤੋ ਵੀ ਹਾਈਕਮਾਂਡ ਮੈਨੂੰ ਸੇਵਾ ਦਾ ਮੌਕਾ ਦੇਵੇਗੀ । ਕੁਸ਼ਤੀ ਦੇ ਅਖਾੜੇ ਦੀ ਉਦਾਹਰਨ ਦਿੰਦੇ ਹੋਏ ਮਨੀ ਫਰਵਾਹਾ ਨੇ ਕਿਹਾ: "ਜਿਸ ਤਰ੍ਹਾਂ ਅਖਾੜੇ ਵਿੱਚ ਦੋ ਮੱਲ ਘੁਲਦੇ ਹਨ, ਤਾਂ ਉਨ੍ਹਾਂ ਵਿੱਚੋਂ ਇੱਕ ਢਹਿੰਦਾ ਹੈ ਅਤੇ ਇੱਕ ਜਿੱਤਦਾ ਹੈ। ਇਸੇ ਤਰ੍ਹਾਂ ਚੋਣਾਂ ਵਿੱਚ ਵੀ ਹਾਰ-ਜਿੱਤ ਬਣੀ ਰਹਿੰਦੀ ਹੈ। ਮੇਰੇ ਲਈ 'ਜਨਤਾ ਹੀ ਜਨਾਰਦਨ' ਹੈ ਅਤੇ ਵਾਰਡ ਨੰਬਰ 26 ਦੀ ਜਨਤਾ ਦਾ ਹਰ ਫੈਸਲਾ ਮੇਰੇ ਸਿਰ ਮੱਥੇ ਹੈ।"ਉਨ੍ਹਾਂ ਅਖੀਰ ਵਿੱਚ ਸਪੱਸ਼ਟ ਕੀਤਾ ਕਿ ਇਹ ਕਾਰਪੋਰੇਸ਼ਨ ਚੋਣਾਂ ਦੇ ਨਤੀਜੇ ਕੋਈ ਅੰਤ ਨਹੀਂ ਹਨ, ਸਗੋਂ ਉਨ੍ਹਾਂ ਦੇ ਸਿਆਸੀ ਅਤੇ ਸਮਾਜਿਕ ਸਫ਼ਰ ਦੀ ਇੱਕ ਨਵੀਂ ਸ਼ੁਰੂਆਤ ਹਨ। ਉਹ ਹਾਰਨ ਤੋਂ ਬਾਅਦ ਵੀ ਵਾਰਡ ਦੀਆਂ ਸਮੱਸਿਆਵਾਂ ਨੂੰ ਲਗਾਤਾਰ ਨਗਰ ਨਿਗਮ (ਕਾਰਪੋਰੇਸ਼ਨ) ਦੇ ਧਿਆਨ ਵਿੱਚ ਲਿਆਉਂਦੇ ਰਹਿਣਗੇ ਅਤੇ ਲੋਕਾਂ ਦੇ ਕੰਮ ਕਰਵਾਉਣ ਲਈ ਹਮੇਸ਼ਾ ਡਟੇ ਰਹਿਣਗੇ।

# ਮਹਾਂਪੁਰਸ਼ਾਂ ਦੇ ਜੀਵਨ ਵਾਰੇ ਅਤੇ ਵਿਚਾਰਧਾਰਾ ਵਾਰੇ ਡਾ ਬੀ ਆਰ ਅੰਬੇਦਕਰ ਮਿਸ਼ਨ ਇਟਲੀ ਵੱਲੋਂ ਸਮਾਗਮ ਕੀਤਾ ਗਿਆ







**ਬੰਗਾ( ਚਰਨਜੀਤ ਸੱਲ੍ਹਾ )**ਅੱਜ ਮਿਤੀ 5 ਜੁਲਾਈ 2026 ਨੂੰ ਡਾ ਬੀ ਆਰ ਅੰਬੇਡਕਰ ਮਿਸ਼ਨ ਇਟਲੀ ਵਲੋਂ ਮਹਾਂ ਪੁਰਸ਼ਾਂ ਦੀ ਨਿਰੋਲ ਵਿਚਾਰਧਾਰਾ ਤੇ ਪਹਿਰਾ ਦਿੰਦਿਆਂ ਹੋਇਆਂ, ਸਤਿਗੁਰੂ ਕਬੀਰ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਬ੍ਰਹਗਾਮੋਂ ਦੇ ਪਿੰਡ ਫੋਨਤਾਨੇਲਾ ਵਿਖੇ ਸਾਮਾਜ ਜੋੜੋ, ਮਿਸ਼ਨ ਤੋਰੋ ਪ੍ਰੋਗਰਾਮਾਂ ਦੀ ਲੜੀ ਤਹਿਤ ਪ੍ਰਮਿੰਦਰਾ ਆਰਟ ਫਗਵਾੜਾ ਵਾਲਿਆਂ ਦੇ ਗ੍ਰਹਿ ਵਿਖੇ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਸ਼ਾਮਲ ਸਾਮਾਜ ਦੇ ਸਤਿਕਾਰਤ ਸਾਥੀਆਂ ਨੇ ਪਰਿਵਾਰਾਂ ਸਮੇਤ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਸੰਸਥਾ ਦੇ ਪ੍ਰਧਾਨ ਵਜੋਂ ਸੇਵਾ ਨਿਭਾਅ ਰਹੇ ਸਾਥੀ ਬੀਰਬਲ ਰੱਤੂ ਜੀ ਨੇ ਕੀਤੀ। ਉਨ੍ਹਾਂ ਆਪਣੇ ਭਾਸ਼ਣ ਵਿਚ ਜਿਥੇ ਸਭ ਤੋਂ ਪਹਿਲਾਂ ਆਏ ਸਾਰੇ ਸਾਥੀਆਂ ਦਾ ਜੀ ਆਇਆਂ ਕੀਤਾ ਉਥੇ ਹੀ ਸਤਿਗੁਰੂ ਕਬੀਰ ਜੀ ਮਹਾਰਾਜ ਦੇ ਜਨਮਦਿਨ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਅਪਣੇ ਭਾਸਣ ਵਿਚ ਮਹਾਂ ਪੁਰਸ਼ਾਂ ਦੀ ਨਿਰੋਲ ਬਾਣੀ, ਤੇ ਵਿਚਾਰਧਾਰਾ ਨੂੰ ਸਮਝਣ ਅਤੇ ਉਸ ਉੱਤੇ ਚਲਣ ਦੀ ਅਪੀਲ ਕੀਤੀ। ਤਥਾਗਤ ਭਗਵਾਨ ਬੁੱਧ ਤੋਂ ਲੈਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਤਕ ਦੇ ਸਾਰੇ ਮਹਾਂ ਪੁਰਸ਼ਾਂ ਦੇ ਜੀਵਨ ਸੰਘਰਸ਼ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਅਜ ਦੀ ਮਾਜੂਦਾ ਸਾਮਾਜ ਦੀ ਸਥਿਤੀ ਤੋਂ ਸਾਥੀਆਂ ਨੂੰ ਅਵਗਤ ਕਰਵਾਇਆ ਕਿ ਕਿਵੇਂ ਮਨੂੰਵਾਦੀ ਲੋਕ ਅੱਜ਼ ਵੀ ਸਾਡੇ ਹੱਕਾਂ ਤੇ ਡਾਕੇ ਮਾਰ ਰਿਹਾ ਕਦੇ ਸਰਕਾਰੀ ਨੌਕਰੀਆਂ ਵਿਚ ਧਾਂਦਲੀਆਂ ਕਰਕੇ ਤੇ ਕਰਦੇ ਯੂਨੀਵਰਸਿਟੀਆਂ ਵਿੱਚ ਸਾਡੇ ਸਾਮਾਜ ਦੇ ਬੱਚਿਆਂ ਦੇ ਦਾਖਲੇ ਰੋਕ ਕੇ। ਉਨ੍ਹਾਂ ਤੋਂ ਬਾਅਦ ਭੈਣ ਜੋਤੀ ਕਲੇਰ ਹੁਣਾਂ ਸਤਿਗੁਰ ਕਬੀਰ ਜੀ ਮਹਾਰਾਜ ਦੇ ਜਨਮਦਿਨ ਦੀਆਂ ਵਧਾਈਆਂ ਅਤੇ ਸੰਸਥਾ ਵੱਲੋਂ ਉਨ੍ਹਾਂ ਨੂੰ ਆਪਣੇ ਘਰੇ ਵਿਚਾਰ ਚਰਚਾ ਕਰਨ ਤੇ ਧੰਨਵਾਦ ਕੀਤਾ। ਹਾਲਾਂਕਿ ਉਹ ਪਹਿਲੀ ਵਾਰ ਮਾਇਕ ਤੇ ਬੋਲ ਰਹੇ ਸਨ ਪਰ ਉਨ੍ਹਾਂ ਆਪਣੇ ਵਿਚ ਕਬੀਰ ਜੀ ਮਹਾਰਾਜ ਤੇ ਬਾਕੀ ਮਹਾਂ ਪੁਰਸ਼ਾਂ' ਤੇ ਬਹੁਤ ਹੀ ਵਧੀਆ ਵਿਚਾਰ ਰੱਖੇ। ਉਨ੍ਹਾਂ ਤੋਂ ਬਾਦ ਸਟੇਜ ਤੇ ਸੰਸਥਾ ਅਤੇ ਸਾਮਾਜ ਪ੍ਰਤੀ ਤਨ ਦੇਹੀ ਨਾਲ ਦਿਨ ਰਾਤ ਕੰਮ ਕਰਨ ਵਾਲੇ ਬਲਵਿੰਦਰ ਬ੍ਰਾਹਗਮੋ ਜੀ ਨੇ ਕੋਈ ਡੇਢ ਘੰਟਾ ਗੁਰੂਆਂ ਮਹਾਂ ਪੁਰਸ਼ਾਂ ਦੀ ਵਿਚਾਰਧਾਰਾ ਤੇ ਅਪਣੇ ਵਿਚਾਰ ਗੁਰਬਾਣੀ ਦੇ ਹਵਾਲਿਆਂ ਨਾਲ ਅਤੇ ਤੱਥਾਂ ਦੇ ਆਧਾਰ ਉੱਤੇ ਸਪਸ਼ਟ ਸ਼ਬਦਾਂ ਵਿੱਚ ਰੱਖੇ। ਉਨ੍ਹਾਂ ਅਪਣੇ ਵਿਚਾਰਾਂ ਵਿੱਚ ਧਰਮ ਕੀ ਹੁੰਦਾ ਹੈ, ਤੇ ਸਾਨੂੰ ਆਪਣੇ ਮਹਾਂ ਪੁਰਸ਼ਾਂ ਦੁਆਰਾ ਦੱਸੇ ਰਾਹ ਤੇ ਚੱਲਣਾ ਚਾਹੀਦਾ ਹੈ। ਪ੍ਰੋਗਰਾਮ ਦੀ ਸਮਾਪਤੀ ਤੇ ਸੰਸਥਾ ਵੱਲੋਂ ਪ੍ਰਮਿੰਦਰਾ ਆਰਟ ਵਾਲਿਆਂ ਨੂੰ ਆਪਣੇ ਘਰੇ ਮਹਾਂ ਪੁਰਸ਼ਾਂ ਦੀ ਨਿਰੋਲ ਵਿਚਾਰਧਾਰਾ ਤੇ ਵਿਚਾਰ ਚਰਚਾ ਕਰਨ ਲਈ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ ਤੇ ਸਟੇਟ ਸਕੱਤਰ ਵੱਲੋਂ ਪਰਿਵਾਰ ਦਾ ਲੰਗਰ ਦੀ ਸੇਵਾ ਅਤੇ ਸੰਸਥਾ ਵੱਲੋਂ ਚਲਾਈ ਜਾ ਨਵੀਂ ਮੁਹਿੰਮ ਅਪਣਾ ਵਿਸ਼ੇਸ਼ ਸਹਿਯੋਗ ਕਰਨ ਤੇ ਪ੍ਰੋਗਰਾਮ ਆਈਆਂ ਸਾਰੀਆਂ ਫੈਮਲੀਆਂ ਤਹਿਤ ਦਿਲੋਂ ਧੰਨਵਾਦ ਕੀਤਾ।

# ਮੰਗੂਵਾਲ ਫੁੱਟਬਾਲ ਅਕੈਡਮੀ ਦੀ ਟੀਮ ਦੇ ਖਿਡਾਰੀਆਂ ਲਈ ਜਰਸੀ ਲਾਂਚ ਕੀਤੀ ਗਈ:ਸਰਬਜੀਤ ਮੰਗੂਵਾਲ

**ਬੰਗਾ 6 ਜੁਲਾਈ (ਚਰਨਜੀਤ ਸੱਲ੍ਹਾ )**ਮੰਗੂਵਾਲ ਫੁੱਟਬਾਲ ਅਕੈਡਮੀ ਦੇ ਟ੍ਰੇਨਿੰਗ ਸੈਸ਼ਨ ਤੋਂ ਪਹਿਲਾਂ ਸਾਰੇ ਪਲੇਅਰਜ ਦੀ ਪ੍ਰਾਪਰ ਕਿੱਟ ਨੂੰ ਮੁੱਖ ਰੱਖਦੇ ਹੋਏ ਅਕੈਡਮੀ ਦੇ ਲੋਗੋ ਸਮੇਤ ਜਰਸੀ ਲਾਂਚ ਕੀਤੀ ਗਈ। ਅਕੈਡਮੀ ਦੇ ਚੀਫ਼ ਕੋਚ ਸਰਬਜੀਤ ਮੰਗੂਵਾਲ ਨੇ ਕਿਹਾ ਕਿ ਸਾਡੀ ਅਕੈਡਮੀ ਵਿੱਚ ਖੇਡ ਰਹੇ ਲੜਕੇ-ਲੜਕੀਆਂ ਦੇ ਪੇਰੈਂਟਸ ਵੀ ਯੂਰਪ ਤੇ ਕੈਨੇਡਾ ਦੀ ਤਰਜ਼ ਤੇ ਆਪਣੇ-ਆਪਣੇ ਬੱਚਿਆਂ ਜਿਵੇਂ ਮਨਰਾਜ ਨੂੰ ਗੁਰਪ੍ਰੀਤ ਅਤੇ ਭਿੰਦਾ, ਦਿਲਸ਼ੇਰ ਨੂੰ ਪਰਮਿੰਦਰ, ਅਰਮਾਨ ਨੂੰ ਹੈਪੀ, ਤਨਵੀਰ ਨੂੰ ਮਨਜੀਤ, ਹਿਤੇਸ਼ ਨੂੰ ਲਖਵਿੰਦਰ, ਦਵਿਅੰਸ ਨੂੰ ਪੋਲਾ, ਰੋਨਾਲਡੋ ਨੂੰ ਬੀਰੂ, ਮੈਸੀ ਨੂੰ ਸੰਨੀ, ਜਾਵੇਜ ਨੂੰ ਗੁਰਦੇਵ ਕੌਰ ਗੁੱਡੋ, ਕ੍ਰਿਸ਼ਨਾ ਨੂੰ ਨੀਰਜ, ਧਰੁਵ ਨੂੰ ਸੁਰਿੰਦਰ ਬੈਂਸ ਉਰਫ ਸੋਨੂੰ ਅਤੇ ਸੰਦੀਪ ਕੌਰ ਰੋਜ਼ਾਨਾ ਹੀ ਗਰਾਊਂਡ ਵਿੱਚ ਛੱਡਣ ਤੇ ਲੈਣ ਲਈ ਆਉਂਦੇ ਹਨ।



ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਸਾਡੇ ਸਤਿਕਾਰਯੋਗ ਉੱਘੇ ਸਮਾਜ ਸੇਵੀ ਤਰਸੇਮ ਸਿੰਘ ਨੋਤਾ ਜੀ ਵੀ ਆਪਣੇ ਪੋਤਿਆਂ ਜੋਰਾਵਰ ਤੇ ਅੰਮ੍ਰਿਤ ਨੂੰ ਟ੍ਰੇਨਿੰਗ ਕਰਵਾਉਣ ਲਈ ਗਰਾਊਂਡ ਵਿੱਚ ਛੱਡਣ ਤੇ ਲੈਣ ਲਈ ਆਉਂਣ ਕਰਕੇ ਉਹ ਸਾਨੂੰ ਉਤਸ਼ਾਹਿਤ ਕਰ ਜਾਂਦੇ ਹਨ।

ਸਾਡੇ ਵਾਸਤੇ ਅੱਜ ਬਹੁਤ ਖੁਸ਼ੀ ਦਾ ਦਿਨ ਹੈ ਕਿ ਮੁੱਖ ਮਹਿਮਾਨ ਵਜੋਂ ਉੱਘੇ ਸਮਾਜ ਸੇਵਕ ਕੇਵਲ ਸਿੰਘ ਖਟਕੜ, ਤਰਸੇਮ ਸਿੰਘ ਨੋਤਾ ਖਟਕੜ ਕਲਾਂ ਅਤੇ ਜੇ ਬੀ ਸਪੋਰਟਸ ਫੈਕਟਰੀ ਦੇ ਮਾਲਕ ਜਸਵੰਤ ਸਿੰਘ ਰਾਏ ਕਾਲੇਵਾਲ ਭਗਤਾਂ ਵਿਸ਼ੇਸ਼ ਤੌਰ ਤੇ ਪਹੁੰਚੇ ਹਨ। ਮੈਂ ਇਸ ਗੱਲ ਦਾ ਵੀ ਫਖਰ ਮਹਿਸੂਸ ਕਰ ਰਿਹਾ ਹਾਂ ਕਿ ਫੀਫਾ ਵਰਲਡ ਕੱਪ ਦੌਰਾਨ ਹੀ ਅਸੀਂ ਆਪਣੀ ਅਕੈਡਮੀ ਦੀ ਜਰਸੀ ਲਾਂਚ ਕਰ ਰਹੇ ਹਾਂ।

ਕੇਵਲ ਸਿੰਘ ਖਟਕੜ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਸਮੇਂ ਕਿਹਾ ਕਿ ਮੈਂ ਅਕੈਡਮੀ ਦੇ ਖਿਡਾਰੀਆਂ ਦੀ ਹਰ ਤਰ੍ਹਾਂ ਮਦਦ ਕਰਨ ਲਈ ਤਿਆਰ ਹਾਂ। ਖਿਡਾਰੀ ਹਮੇਸ਼ਾ ਹੀ ਆਪਣੀ ਖੁਰਾਕ ਦਾ ਖਿਆਲ ਰੱਖਣ ਤੇ ਮਨ ਲਾ ਕੇ ਮਿਹਨਤ ਕਰਨ। ਮੈਂ ਖੁਦ ਵੀ ਉੱਤਮ ਦਰਜੇ ਦੀ ਕਬੱਡੀ ਖੇਡੀ ਹੈ। ਮੈਨੂੰ ਪਤਾ ਹੈ ਕਿ ਖਿਡਾਰੀ ਵਾਸਤੇ ਚੰਗੀ ਦੀ ਲੋੜ ਹੈ। ਦੁੱਧ ਘਿਓ ਹੀ ਉਸ ਨੂੰ ਵਧੀਆ, ਤਕੜਾ ਤੇ ਤੰਦਰੁਸਤ ਰੱਖਣ ਵਿੱਚ ਮੁੱਖ ਸਹਿਯੋਗ ਕਰਦਾ ਹੈ।



ਕਾਲੇਵਾਲ ਭਗਤਾਂ ਦੇ ਰਿਟਾਇਰਡ ਸੂਬੇਦਾਰ ਬਲਵੰਤ ਸਿੰਘ ਨੇ ਕਿਹਾ ਕਿ ਵਧੀਆ ਖਿਡਾਰੀ ਬਣਨ ਦੀ ਇੱਛਾ ਰੱਖਦੇ ਹੋਏ ਸਾਨੂੰ ਆਪਣੇ ਉਸਤਾਦ ਦੀ ਇੱਜ਼ਤ ਕਰਨ ਤੇ ਕਹਿਣਾ ਮੰਨਣ ਦੀ ਭਾਵਨਾ ਅਪਣਾਉਣ ਦੀ ਲੋੜ ਹੈ। ਮੈਂ ਵੀ ਫੌਜ ਵਿੱਚ ਹਾਕੀ, ਐਥਲੈਟਿਕਸ ਤੇ ਫੁੱਟਬਾਲ ਖੇਡਿਆ ਹਾਂ। ਤੁਹਾਨੂੰ ਜਰਸੀ-ਨਿੱਕਰਾ ਸਪਾਂਸਰ ਕਰਨ ਵਾਲੇ ਵਰਿੰਦਰ ਸੰਨੀ ਮੰਗੂਵਾਲ ਤੇ ਜਸਵੰਤ ਰਾਏ ਕਾਲੇਵਾਲ ਭਗਤਾਂ ਦੋਵੇਂ ਹੀ ਫੁੱਟਬਾਲ ਦੇ ਨੈਸ਼ਨਲ ਚੈਂਪੀਅਨ ਖਿਡਾਰੀ ਰਹੇ ਹਨ।

ਤਰਸੇਮ ਸਿੰਘ ਨੋਤਾ ਨੇ ਵੀ ਅਕੈਡਮੀ ਦੇ ਖਿਡਾਰੀਆਂ ਦੀ ਹਰੇਕ ਜ਼ਰੂਰਤ ਪੂਰੀ ਕਰਨ ਦਾ ਭਰੋਸਾ ਦਿੱਤਾ।

ਪਿੰਡ ਦੇ ਨੌਜਵਾਨ ਗੁਰਪ੍ਰੀਤ ਸਿੰਘ ਖਟਕੜ ਅਤੇ ਅਕੈਡਮੀ ਦੇ ਕੋਚ ਅਤਿੰਦਰ ਮਨੀ ਨੇ ਕਿਹਾ ਕਿ ਖਿਡਾਰੀ ਖੇਡ ਦੇ ਮੈਦਾਨ ਵਿੱਚ ਜਾ ਕੇ ਹੀ ਆਪਣੇ ਸਰੀਰ ਨੂੰ ਤੰਦਰੁਸਤ ਤੇ ਤਕੜਾ ਰੱਖ ਸਕਦੇ ਹਨ। ਜਿਸ ਨਾਲ ਉਹ ਆਪਣੇ ਮਾਤਾ-ਪਿਤਾ ਦੇ ਨਾਲ-ਨਾਲ ਇਲਾਕੇ ਭਰ ਦਾ ਨਾਂ ਰੋਸ਼ਨ ਕਰ ਸਕਦੇ ਹਨ।

ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਅਕੈਡਮੀ ਦੀ ਟੀਮ ਦੇ ਖਿਡਾਰੀਆਂ ਲਈ ਜਰਸੀ-ਨਿੱਕਰਾ ਉਨ੍ਹਾਂ ਦੇ ਵੱਡੇ ਬੇਟੇ ਵਰਿੰਦਰ ਸੰਨੀ ਪੁਰਤਗਾਲ ਅਤੇ ਜੇ ਬੀ ਸਪੋਰਟਸ ਕਾਲੇਵਾਲ ਭਗਤਾਂ ਦੀ ਫੈਕਟਰੀ ਦੇ ਮਾਲਕ ਜਸਵੰਤ ਸਿੰਘ ਰਾਏ ਨੇ ਸਾਂਝੇ ਤੌਰ ਤੇ ਸਪਾਂਸਰ ਕੀਤੀਆਂ ਹਨ। ਉਨ੍ਹਾਂ ਨੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ ਖਟਕੜ, ਨੈਸ਼ਨਲ ਐਥਲੀਟ ਪਰਮਿੰਦਰ ਸਿੰਘ ਰੁੜਕਾ ਕਲਾਂ, ਭੁਪਿੰਦਰ ਸਿੰਘ ਖਟਕੜ, ਰਾਕੇਸ਼ ਕੁਮਾਰ ਗੋਗਾ, ਨੀਰਜ ਕੁਮਾਰ, ਲਖਵਿੰਦਰ ਗੁਰੂ, ਰੁਪਿਕਾ ਉਰਫ ਰੂਪ ਅਤੇ ਜਤਿੰਦਰ ਸਿੰਘ ਸਮੇਤ ਹੋਰ ਖੇਡ ਪ੍ਰਸ਼ੰਸਕ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਸਿਮਰਨਜੀਤ ਸਿੰਘ ਬੈਂਸ ਦੇ ਬਿਆਨਾਂ 'ਤੇ ਭੜਕੇ ਕਾਂਗਰਸੀ ਆਗੂ ਮਦਨ ਮੀਲੂ ਟੌਂਸਾ, ਰਾਜਾ ਵੜਿੰਗ ਨੂੰ ਬੈਂਸ ਨੂੰ ਪਾਰਟੀ ਵਿੱਚੋਂ ਬਾਹਰ ਕੱਢਣ ਦੀ ਕੀਤੀ ਅਪੀਲ

**ਬਲਾਚੌਰ 6 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ) :** ਸੀਨੀਅਰ ਕਾਂਗਰਸੀ ਆਗੂ ਮਦਨ ਮੀਲੂ ਟੌਂਸਾ ਨੇ ਲੁਧਿਆਣਾ ਤੋਂ ਸਾਬਕਾ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਦਿੱਤੇ ਵਿਵਾਦਿਤ ਬਿਆਨਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਮਦਨ ਮੀਲੂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਹੱਥ ਜੋੜ ਕੇ ਬੇਨਤੀ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਵੜਿੰਗ ਸਾਹਿਬ ਚਰਨਜੀਤ ਸਿੰਘ ਚੰਨੀ ਨੂੰ ਆਪਣੇ ਸਿਰ ਦਾ ਤਾਜ ਦੱਸ ਰਹੇ ਹਨ, ਪਰ ਦੂਸਰੇ ਪਾਸੇ ਬੈਂਸ ਵਰਗੇ ਆਗੂ ਪਾਰਟੀ ਅੰਦਰ ਰਹਿ ਕੇ ਘਟੀਆ ਬਿਆਨਬਾਜ਼ੀ ਕਰ ਰਹੇ ਹਨ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬੈਂਸ ਵੱਲੋਂ



ਜਿਮੀਦਾਰਾਂ ਅਤੇ ਐੱਸ.ਸੀ. ਭਾਈਚਾਰੇ ਨੂੰ ਆਪਸ ਵਿੱਚ ਲੜਾਉਣ ਦੀ ਸ਼ਰੇਆਮ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨਾਲ ਪਾਰਟੀ ਦਾ ਅਕਸ ਖ਼ਰਾਬ ਹੁੰਦਾ ਹੈ। ਮੀਲੂ ਟੌਂਸਾ ਨੇ ਕਿਹਾ ਕਿ ਅੱਜ ਪੂਰੇ ਪੰਜਾਬ ਸਮੇਤ ਬਾਹਰਲੇ ਸੂਬਿਆਂ ਵਿੱਚ ਵੀ ਚਰਨਜੀਤ ਸਿੰਘ ਚੰਨੀ ਦੀ ਲਹਿਰ ਚੱਲ ਰਹੀ ਹੈ ਅਤੇ ਸਿੱਖ, ਹਿੰਦੂ ਤੇ ਐੱਸ.ਸੀ. ਭਾਈਚਾਰੇ ਸਮੇਤ ਸਾਰੇ ਵਰਗ ਜਾਤ-ਪਾਤ ਤੋਂ ਉੱਪਰ ਉੱਠ ਕੇ ਉਨ੍ਹਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਰਾਜਾ ਵੜਿੰਗ ਨੂੰ ਅਪੀਲ ਕੀਤੀ ਕਿ ਅਜਿਹੇ ਗੰਧਲੇ ਬਿਆਨ ਦੇਣ ਵਾਲੇ ਆਗੂ ਨੂੰ ਤੁਰੰਤ ਨਕੇਲ ਪਾਈ ਜਾਵੇ ਅਤੇ ਜੇਕਰ ਉਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਹਨ ਤਾਂ ਉਨ੍ਹਾਂ ਨੂੰ ਛੇ ਸਾਲਾਂ ਲਈ ਪਾਰਟੀ ਵਿੱਚੋਂ ਬਾਹਰ ਕੱਢਿਆ ਜਾਵੇ। ਮਦਨ ਮੀਲੂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਜਿਹੇ ਆਗੂਆਂ 'ਤੇ ਕਾਰਵਾਈ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਹਲਕਿਆਂ ਅਤੇ ਜ਼ਿਲ੍ਹਿਆਂ ਅੰਦਰ ਉਨ੍ਹਾਂ ਦਾ ਪੁਤਲਾ ਫੂਕ ਕੇ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਸਮੂਹ ਭਾਈਚਾਰਿਆਂ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਬਿਆਨਬਾਜ਼ੀਆਂ ਦੇ ਬਹਿਕਾਵੇ ਵਿੱਚ ਨਾ ਆਉਣ ਅਤੇ ਆਪਸੀ ਏਕਤਾ ਬਣਾਈ ਰੱਖਣ ਕਿਉਂਕਿ ਲੋਕਾਂ ਦੇ ਦਿਲਾਂ ਵਿੱਚ ਚੰਨੀ ਦਾ ਅਕਸ ਹਮੇਸ਼ਾ ਬਣਿਆ ਰਹੇਗਾ।

# ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਸੰਗਠਨ ਦੀ ਮਜ਼ਬੂਤੀ ਅਤੇ ਪੱਤਰਕਾਰ ਭਲਾਈ ਲਈ ਕੀਤੀ ਵਿਸ਼ੇਸ਼ ਮੀਟਿੰਗ

## ਪੱਤਰਕਾਰ ਸਮਾਜ ਦਾ ਅਹਿਮ ਅੰਗ, ਮੁਸ਼ਕਲਾਂ ਦੇ ਹੱਲ ਲਈ ਐਸੋਸੀਏਸ਼ਨ ਕਰੇਗੀ ਠੋਸ ਯਤਨ

**ਹੁਸ਼ਿਆਰਪੁਰ, 6 ਜੁਲਾਈ ( ਤਰਸੇਮ ਦੀਵਾਨਾ )** - ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ ਇੰਡੀਆ ਵੱਲੋਂ ਸਰਕਟ ਹਾਊਸ, ਜਲੰਧਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕਰਵਾਈ ਗਈ। ਹਾਲ ਹੀ ਵਿੱਚ ਜਲੰਧਰ ਦੇ ਨਵੇਂ ਪੁਲਿਸ ਕਮਿਸ਼ਨਰ ਸਤਿੰਦਰ ਸਿੰਘ ਨਾਲ ਹੋਈ ਸ਼ਿਸ਼ਟਾਚਾਰ ਮੁਲਾਕਾਤ ਤੋਂ ਬਾਅਦ ਸਰਕਟ ਹਾਊਸ ਵਿੱਚ ਮੀਟਿੰਗ ਕਰਨ ਦਾ ਮੌਕਾ ਮਿਲਣ ‘ਤੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਖੁਸ਼ੀ ਪ੍ਰਗਟਾਈ।



ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਪੰਜਾਬ ਦੇ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ ਨੇ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ, ਉਨ੍ਹਾਂ ਦੇ ਹੱਲ ਅਤੇ ਐਸੋਸੀਏਸ਼ਨ ਨੂੰ ਹੋਰ ਮਜ਼ਬੂਤ ਬਣਾਉਣ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ । ਇਸ ਮੌਕੇ ਸੰਗਠਨ ਦਾ ਘੇਰਾ ਵਧਾਉਣ ਲਈ ਇਮਾਨਦਾਰ ਅਤੇ ਸਰਗਰਮ ਪੱਤਰਕਾਰਾਂ ਨੂੰ ਐਸੋਸੀਏਸ਼ਨ ਨਾਲ ਜੋੜਨ ‘ਤੇ ਵੀ ਜ਼ੋਰ ਦਿੱਤਾ ਗਿਆ। ਉਨ੍ਹਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਪੱਤਰਕਾਰਾਂ ਦੀ ਭਲਾਈ ਲਈ ਇਕ ਵਿਸ਼ੇਸ਼ ਸੈਮੀਨਾਰ ਵੀ ਕਰਵਾਇਆ ਜਾਵੇਗਾ। ਜਸਵਿੰਦਰ ਸਿੰਘ ਆਜ਼ਾਦ ਨੇ ਅੱਗੇ ਹੋਰ ਕਿਹਾ ਕਿ ਕਿਸੇ ਵੀ ਪੱਤਰਕਾਰ ਨੂੰ ਕਦੀ ਵੀ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਹ ਪੱਤਰਕਾਰ ਉਨ੍ਹਾਂ ਨਾਲ ਜਦੋਂ ਮਰਜ਼ੀ ਰਾਬਤਾ ਕਾਇਮ ਕਰ ਸਕਦਾ ਹੈ। ਹਰ ਪੱਤਰਕਾਰ ਦੀ ਮੁਸ਼ਕਲ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਮੌਕੇ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਹਰ ਮੈਂਬਰ ਆਪਣੇ ਨਾਲ ਹੋਰ ਵੀ ਮੈਂਬਰ ਜੋੜੇਗਾ ਪਰ ਹਰ ਨਵੇਂ ਜੁੜਨ ਮੈਂਬਰ ਬਾਰੇ ਫੈਸਲਾ ਐਸੋਸੀਏਸ਼ਨ ਦੀ ਸਕਰੀਨਿੰਗ ਕਮੇਟੀ ਕਰੇਗੀ। ਉਸ ਤੋਂ ਬਾਅਦ ਹੀ ਨਵੇਂ ਮੈਂਬਰ ਨੂੰ ਐਸੋਸੀਏਸ਼ਨ ਦੀ ਮੈਂਬਰਸ਼ਿਪ ਮਿਲੇਗੀ। ਇਸ ਮੌਕੇ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦਾ ਨਵਾਂ ਸਟੀਕਰ ਜਾਰੀ ਕੀਤਾ ਗਿਆ, ਜਦਕਿ ਹਾਜ਼ਰ ਮੈਂਬਰਾਂ ਨੂੰ ਐਸੋਸੀਏਸ਼ਨ ਦੇ ਪਛਾਣ ਪੱਤਰ (ਆਈਡੀ ਕਾਰਡ) ਵੀ ਵੰਡੇ ਗਏ।

ਮੀਟਿੰਗ ਪੰਜਾਬ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ, ਪੰਜਾਬ ਜਨਰਲ ਸੈਕਟਰੀ ਅਮਰਜੀਤ ਸਿੰਘ ਜੰਡੂ ਸਿੰਘਾ ਅਤੇ ਪ੍ਰਧਾਨ ਦਲਵੀਰ ਸਿੰਘ ਕਲੋਈਆ ਦੀ ਅਗਵਾਈ ਹੇਠ ਹੋਈ। ਇਸ ਦੌਰਾਨ ਮੈਂਬਰਾਂ ਨੇ ਪੱਤਰਕਾਰਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਸਬੰਧੀ ਆਪਣੇ ਸੁਝਾਅ ਦਿੱਤੇ ਅਤੇ ਸੰਗਠਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਵਿਚਾਰ ਸਾਂਝੇ ਕੀਤੇ। ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ ਅਤੇ ਪ੍ਰਧਾਨ ਦਲਬੀਰ ਕਲੋਈਆ ਨੇ ਭਰੋਸਾ ਦਿਵਾਇਆ ਕਿ ਐਸੋਸੀਏਸ਼ਨ ਪੱਤਰਕਾਰ ਭਾਈਚਾਰੇ ਦੇ ਹੱਕਾਂ ਦੀ ਰੱਖਿਆ ਲਈ ਹਮੇਸ਼ਾ ਵਚਨਬੱਧ ਰਹੇਗੀ। ਉਨ੍ਹਾਂ ਕਿਹਾ ਕਿ ਸੰਗਠਨ ਦੇ ਸਮੂਹ ਮੈਂਬਰ ਇੱਕਜੁੱਟ ਹੋ ਕੇ ਪੱਤਰਕਾਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਰਹਿਣਗੇ ਅਤੇ ਹਰ ਮੈਂਬਰ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣਗੇ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੈਬੀਨਾਰ ਵੀ ਕੀਤੇ ਜਾਣਗੇ, ਜਿਸ ਨਾਲ ਪੱਤਰਕਾਰ ਆਪਣੇ ਘਰ ਬੈਠ ਕੇ ਵੀ ਇਸ ਵੈਬੀਨਾਰ ਦਾ ਹਿੱਸਾ ਬਣ ਸਕਦੇ ਹਨ।

ਮੀਟਿੰਗ ਵਿੱਚ ਸਮਾਜ ਸੇਵਕ ਸੁਰਿੰਦਰ ਸਿੰਘ ਕੈਰੋਂ, ਡਾ. ਕੁਲਵੰਤ ਰਾਏ, ਅਨੁਪਮ ਸ਼ਰਮਾ ਅਤੇ ਨੀਰਜ ਕਸ਼ਵ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਦਾ ਮਹੱਤਵਪੂਰਨ ਅੰਗ ਹਨ ਅਤੇ ਪੱਤਰਕਾਰ ਭਾਈਚਾਰੇ ਦੇ ਹਿੱਤਾਂ ਦੀ ਰੱਖਿਆ ਲਈ ਉਹ ਹਰ ਸਮੇਂ ਐਸੋਸੀਏਸ਼ਨ ਦੇ ਨਾਲ ਖੜ੍ਹੇ ਰਹਿਣਗੇ।

ਇਸ ਮੌਕੇ ਪੰਜਾਬ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ, ਸਟੇਟ ਜਨਰਲ ਸਕੱਤਰ ਅਮਰਜੀਤ ਸਿੰਘ ਜੰਡੂ ਸਿੰਘਾ, ਦਲਵੀਰ ਸਿੰਘ ਕਲੋਈਆ ਪ੍ਰਧਾਨ ਜਲੰਧਰ, ਕਰਮਵੀਰ ਸਿੰਘ ਸਰਪ੍ਰਸਤ, ਜਸਵੀਰ ਸਿੰਘ ਸੋਢੀ, ਜਨਰਲ ਸਕੱਤਰ ਸੰਜੀਵ ਕੁਮਾਰ, ਪੀ.ਆਰ.ਓ. ਸਰਬਜੀਤ ਸਿੰਘ, ਕੈਸ਼ੀਅਰ ਬਲਵੀਰ ਕਰਮ, ਰਣਜੀਤ ਸਿੰਘ ਬੈਂਸ, ਦਲਜੀਤ ਸਿੰਘ ਕਲਸੀ, ਦਵਿੰਦਰ, ਅਮਨਦੀਪ, ਕੇਤਨ, ਸੁਰਿੰਦਰ ਰਾਵਤ, ਜਤਿੰਦਰ ਰਾਵਤ, ਲੱਕੀ ਬੈਂਸ, ਸੁਨੀਲ ਕੁਮਾਰ,ਨਿਰਮਲ ਕੌਲ, ਸੰਦੀਪ ਸਰੋਆ, ਪਰਮਜੀਤ ਸਲਾਲਾ, ਸੁਖਵਿੰਦਰ ਲੱਕੀ, ਤਰਨਜੀਤ ਲੱਕੀ, ਪੂਰਵੀ, ਵਿਜੇ ਰਮਨ, ਲਵਪ੍ਰੀਤ, ਮਨਪ੍ਰੀਤ, ਅਰੁਣ ਚੌਪੜਾ, ਸ਼ੰਮੀ ਸਿੰਘ, ਜਤਿੰਦਰ ਸਿੰਘ, ਪਰਮਜੀਤ ਮੱਲ, ਕੁਲਦੀਪ ਲੇਸੜੀਵਾਲ, ਵਿਨੋਦ ਕੁਮਾਰ, ਰਵੀ ਜੱਸਲ, ਧਰਿਮੰਦਰ, ਚਿਰਾਗ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪੱਤਰਕਾਰ ਮੌਜੂਦ ਸਨ।

ਅੰਤ ਵਿੱਚ ਪ੍ਰਧਾਨ ਦਲਵੀਰ ਸਿੰਘ ਕਲੋਈਆ ਨੇ ਆਏ ਹੋਏ ਸਾਰੇ ਹੀ ਪੱਤਰਕਾਰਾਂ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਇਸੇ ਤਰ੍ਹਾਂ ਪੱਤਰਕਾਰਾਂ ਵਲੋਂ ਸਹਿਯੋਗ ਮਿਲਦਾ ਰਹੇਗਾ।

# ਨਿਰਮਲ ਸਿੰਘ ਨਿੰਮਾ ਭਰਥਲਾ ਬਲਾਚੌਰ ਬਲਾਕ ਯੂਥ ਕਾਂਗਰਸ ਦੇ ਬਣੇ ਪ੍ਰਧਾਨ, ਟੋਲ ਪਲਾਜ਼ਾ ਮੁਲਾਜ਼ਮਾਂ ਨੇ ਕੀਤਾ ਨਿੱਘਾ ਸਵਾਗਤ

**ਨਵਾਂਸ਼ਹਿਰ /ਕਾਠਗੜ੍ਹ, 6 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** : ਨਿਰਮਲ ਸਿੰਘ ਨਿੰਮਾ ਭਰਥਲਾ ਨੂੰ ਬਲਾਚੌਰ ਬਲਾਕ ਯੂਥ ਕਾਂਗਰਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜਿਸ ਨਾਲ ਇਲਾਕੇ ਦੇ ਨੌਜਵਾਨਾਂ ਅਤੇ ਕਾਂਗਰਸੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਨਵੇਂ ਬਣੇ ਪ੍ਰਧਾਨ ਨਿਰਮਲ ਸਿੰਘ ਨਿੰਮਾ ਭਰਥਲਾ ਦਾ ਇੱਥੇ ਪਹੁੰਚਣ ’ਤੇ ਟੋਲ ਪਲਾਜ਼ਾ ਦੇ ਮੁਲਾਜ਼ਮਾਂ ਅਤੇ ਸਥਾਨਕ ਨੌਜਵਾਨਾਂ ਵਲੋਂ ਉਨ੍ਹਾਂ ਦਾ ਬਹੁਤ ਹੀ ਨਿੱਘਾ ਅਤੇ ਉਚੇਚੇ ਤੌਰ 'ਤੇ ਮਾਨ-ਸਨਮਾਨ ਕੀਤਾ ਗਿਆ। ਇਸ ਉਪਰੰਤ ਨੌਜਵਾਨਾਂ ਦੇ ਇੱਕ ਵੱਡੇ ਕਾਫਲੇ ਦੇ ਰੂਪ ਵਿੱਚ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਜਾ ਕੇ ਮੱਥਾ ਟੇਕਿਆ ਗਿਆ ਅਤੇ ਇਸ ਨਵੀਂ ਜ਼ਿੰਮੇਵਾਰੀ ਲਈ ਪਰਮਾਤਮਾ ਦਾ ਸ਼ੁਕਰਾਨਾ ਅਦਾ ਕੀਤਾ ਗਿਆ। ਇਸ ਖਾਸ ਮੌਕੇ ਉਨ੍ਹਾਂ ਦੇ ਨਾਲ ਤਾਇਆ



ਚੇਅਰਮੈਨ ਧਰਮਪਾਲ ਭਰਥਲਾ ਉਚੇਚੇ ਤੌਰ 'ਤੇ ਹਾਜ਼ਰ ਰਹੇ, ਜਿਨ੍ਹਾਂ ਨੇ ਨਿੰਮਾ ਦੇ ਨਾਲ ਖੜ੍ਹ ਕੇ ਇਸ ਖੁਸ਼ੀ ਨੂੰ ਸਾਂਝਾ ਕੀਤਾ। ਇਸ ਦੇ ਨਾਲ ਹੀ ਰੋਪੜ ਤੋਂ ਅੱਡਾ ਇੰਚਾਰਜ ਬੋਬੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਨਵੇਂ ਪ੍ਰਧਾਨ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਨਿਯੁਕਤੀ 'ਤੇ ਵਧਾਈ ਦਿੱਤੀ ਗਈ। ਇਸ ਮੌਕੇ ਟੋਲ ਪਲਾਜ਼ਾ ਦੇ ਮੁਲ-ਾਜ਼ਮ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਇਕਾਈ ਦੇ ਕੰਮਾਂ ਵਿੱਚ ਸਰਗਰਮੀਆਂ ਵਧਾਉਣ ਲਈ ਸੂਬਾ ਆਗੂ ਇਕਾਈ ਦੀ ਮੀਟਿੰਗ ਲੈਣਗੇ

**ਸੰਗਰੂਰ 6ਜੁਲਾਈ**

ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ- ਸੰਗਰੂਰ ਦੀ ਮੀਟਿੰਗ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਪ੍ਰਧਾਨਗੀ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ।

ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮਾਸਟਰ ਜੀ ਸਭ ਤੋਂ ਪਹਿਲਾਂ ਸਾਰਿਆਂ ਨੂੰ ਸਮੇਂ ਸਿਰ ਮੀਟਿੰਗਾਂ ਵਿੱਚ ਸ਼ਮੂਲੀਅਤ ਕਰਨ ਕਹਿੰਦਿਆਂ ਕਿਹਾ ਸਾਨੂੰ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾ ਕੇ ਉਨ੍ਹਾਂ ਨੂੰ ਹਰ ਤਰਾਂ ਦੇ ਵਹਿਮਾਂ ਭਰਮਾਂ, ਵੇਲਾ ਵਿਹਾਅ ਚੁੱਕੀਆਂ ਫੋਕੀਆਂ ਸਮਾਜਿਕ ਤੇ ਘਰੇਲੂ ਰਸਮਾਂ ਰਿਵਾਜਾਂ, ਜਾਦੂ ਟੂਣੇ ਧਾਗੇ ਤਵੀਤਾਂ ਵਿਚੋਂ ਕੱਢ ਕੇ ਵਿਗਿਆਨਕ ਸੋਚ ਦੇ ਲੜ ਲਾਉਣਾ ਹੈ । ਉਸ ਤੋਂ ਬਾਅਦ ਉਹਨਾਂ ਨੇ 13 ਤੇ 14 ਜੂਨ ਹੋਈ ਸੂਬਾ ਵਰਕਿੰਗ ਕਮੇਟੀ ਦੀ ਹੋਈ ਮੀਟਿੰਗ ਵਿੱਚ ਲਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਕਮੇਟੀ ਵਲੋਂ ਇਕਾਈਆਂ ਵਿੱਚ ਜ਼ਿਮੇਵਾਰੀਆਂ ਨਿਭਾਉਣ, ਕੰਮਾਂ ਵਿੱਚ ਨਵੀਨਤਾ ਲਿਆਉਣ, ਸਰਗਰਮੀਆਂ ਵਧਾਉਣ ਲਈ ਸੂਬਾ ਕਮੇਟੀ ਵੱਲੋਂ ਹਰੇਕ ਇਕਾਈ ਦੀ ਮੀਟਿੰਗ ਲੈਣ ਲਈ ਸੂਬਾ ਆਗੂਆਂ ਦੀ ਜ਼ਿੰਮੇਵਾਰੀ ਲਾਈ ਗਈ ਹੈ, ਸੰਗਰੂਰ ਤੇ ਬਰਨਾਲਾ ਜੋਨ ਵਿਚ ਸ਼ਾਮਲ ਇਕਾਈਆਂ ਲਈ ਤਰਕਸ਼ੀਲ ਮੈਗਜ਼ੀਨ



ਦੇ ਸੰਪਾਦਕ ਰਾਜਪਾਲ ਸਿੰਘ ਦੀ ਜ਼ਿਮੇਵਾਰੀ ਲਾਈ ਗਈ ਹੈ। ਜੋਨ ਵਿਚ ਫ਼ੈਸਲਾ ਲਿਆ ਗਿਆ ਕਿ ਜੋਨ ਜਥੇਬੰਦਕ ਮੁਖੀ ਰਾਜਪਾਲ ਸਿੰਘ ਨਾਲ ਸੰਪਰਕ ਕਰਕੇ ਇਕਾਈਆਂ ਦੀ ਮੀਟਿੰਗ ਦੀ ਮਿਤੀ ਤਹਿ ਕਰਨਗੇ। ਮੀਟਿੰਗ ਵਿੱਚ ਸ਼ੋਸ਼ਲ ਮੀਡੀਏ ਨੂੰ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਵਰਤਣ ਲਈ, ਮੈਗਜੀਨ ਵਧਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਐਨਸੀਆਰਟੀ ਦੀ ਸਮਾਜਿਕ ਵਿਗਿਆਨ ਦੀ ਪੁਸਤਕ ਵਿੱਚ ਮਨੂ ਸਮ੍ਰਿਤੀ ਦੇ ਸ਼ਲੋਕ ਜੋੜਨ ਤੇ ਰੂਸ ,ਫਰਾਂਸ ਦੀ ਇਨਕਲਾਬੀ ਕ੍ਰਾਂਤੀ ਨੂੰ ਸਿਲੇਬਸ ਤੋਂ ਬਾਹਰ ਕਰਨ ਦੀ ਭਰਪੂਰ ਨਿਖੇਧੀ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਕੌਮੀ ਤਰਕਸ਼ੀਲ ਆਗੂ ਡਾਕਟਰ ਨਰਿੰਦਰ ਦਾਭੋਲਕਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 21 ,22 ਤੇ 23 ਅਗਸਤ ਨੂੰ ਬਰਨਾਲਾ ਵਿਖੇ ਤਿੰਨ ਦਿਨਾਂ ਪੁਸਤਕ ਪ੍ਰਦਰਸ਼ਨੀ ਲਾਉਣ , ਸਤੰਬਰ ਵਿੱਚ ਸ਼ਹੀਦ ਭਗਤ ਸਿੰਘ ਦੇ ਜਨਮਦਿਨ ਤੇ ਨਵੰਬਰ ਵਿੱਚ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਤੇ ਕਾਫ਼ਲੇ ਕੱਢਣ, ਸੈਮੀਨਾਰ ਕਰਨ ਤੇ ਲੀਫਲੈਟ ਵੰਡਣ ਤੇ ਪਰਿਵਾਰਕ ਮਿਲਣੀਆਂ ਕਰਨ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ, ਸੂਬਾ ਆਗੂ ਗੁਰਪ੍ਰੀਤ ਸ਼ਹਿਣਾ, ਹੇਮਰਾਜ ਸਟੈਨੋ ,ਜੋਨ ਆਗੂ ਗੁਰਦੀਪ ਸਿੰਘ ਲਹਿਰਾ ਤੇ ਇਕਾਈ ਆਗੂਆਂ ਸੁਰਿੰਦਰ ਪਾਲ ਸੰਗਰੂਰ,ਨਾਇਬ ਸਿੰਘ ਰਟੋਲਾਂ, ਵਿਸ਼ਵ ਕਾਂਤ ਸੁਨਾਮ,ਸੰਦੀਪ ਲੌਂਗੋਵਾਲ ਤੇ ਕੁਲਦੀਪ ਸਿੰਘ ਨੈਣੇਵਾਲ ਨੇ ਸ਼ਮੂਲੀਅਤ ਕੀਤੀ।

**ਮਾਸਟਰ ਪਰਮਵੇਦ**
**ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਨਹਿਰ 'ਚ ਡੁੱਬੇ ਨੌਜਵਾਨ ਦੀ ਭਾਲ ਨਾ ਹੋਣ 'ਤੇ ਪ੍ਰਸ਼ਾਸਨ ਖ਼ਿਲਾਫ਼ ਭੜਕਿਆ ਰੋਸ

## ਅਜੇ ਮੰਗੂਪੁਰ ਅਤੇ ਵੱਖ-ਵੱਖ ਪਾਰਟੀਆਂ ਵੱਲੋਂ ਕੰਗਣਾ ਪੁਲ ਹੇਠਾਂ ਜ਼ੋਰਦਾਰ ਨਾਅਰੇਬਾਜ਼ੀ






**ਬਲਾਚੌਰ, 6 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ) :** ਹਲਕਾ ਬਲਾਚੌਰ ਦੇ ਪਿੰਡ ਚਾਹਲਾਂ ਦੇ ਨੌਜਵਾਨ ਨਿਖਿਲ, ਜੋ ਕਿ ਬੀਤੀ 30 ਜੂਨ ਨੂੰ ਇੱਕ ਹਾਦਸੇ ਦੌਰਾਨ ਬਿਸਤ-ਦੁਆਬ ਨਹਿਰ ਵਿੱਚ ਡਿੱਗ ਗਿਆ ਸੀ, ਦੀ ਲਾਸ਼ ਕਈ ਦਿਨ ਬੀਤ ਜਾਣ ਦੇ ਬਾਵਜੂਦ ਨਾ ਮਿਲਣ ਕਾਰਨ ਇਲਾਕਾ ਨਿਵਾਸੀਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਵਿੱਚ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਸਰਕਾਰ ਜਾਂ ਪ੍ਰਸ਼ਾਸਨ ਵੱਲੋਂ ਨਿਖਿਲ ਨੂੰ ਲੱਭਣ ਲਈ ਕੋਈ ਠੋਸ ਯਤਨ ਨਹੀਂ ਕੀਤੇ ਗਏ, ਜਿਸ ਕਾਰਨ ਹਾਰ ਕੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਆਪਣੇ ਪੱਧਰ 'ਤੇ ਨਿੱਜੀ ਖਰਚਾ ਕਰਕੇ ਗੋਤਾਖੋਰ ਬੁਲਾਉਣੇ ਪਏ। ਪ੍ਰਸ਼ਾਸਨ ਦੀ ਇਸ ਕਥਿਤ ਨਾਕਾਮੀ ਅਤੇ ਬੇਰੁਖੀ ਦੇ ਖ਼ਿਲਾਫ਼ ਅੱਜ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦੀ ਅਗਵਾਈ ਵਿੱਚ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੰਗਣਾ ਪੁੱਲ ਦੇ ਹੇਠਾਂ ਸਾਂਝੇ ਤੌਰ 'ਤੇ ਇਕੱਠੇ ਹੋ ਕੇ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।

ਧਰਨਾਕਾਰੀਆਂ ਅਤੇ ਇਲ-ਾਕਾ ਨਿਵਾਸੀਆਂ ਨੇ ਪ੍ਰਸ਼ਾਸਨ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਦੁਪਹਿਰ 3 ਵਜੇ ਤੱਕ ਦਾ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਨਿਖਿਲ ਦੀ ਭਾਲ ਲਈ ਤੁਰੰਤ ਕੋਈ ਸਖ਼ਤ ਅਤੇ ਵੱਡੇ ਕਦਮ ਨਾ ਚੁੱਕੇ ਗਏ ਤਾਂ ਉਹ ਤਿੱਖਾ ਧਰਨਾ ਪ੍ਰਦਰਸ਼ਨ ਸ਼ੁਰੂ ਕਰਨਗੇ। ਆਗੂਆਂ ਨੇ ਸਾਫ਼ ਕਿਹਾ ਕਿ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ, ਇਸ ਲਈ ਹੁਣ ਉਹ ਚੁੱਪ ਨਹੀਂ ਬੈਠਣਗੇ ਅਤੇ ਨੌਜਵਾਨ ਦੀ ਭਾਲ ਲਈ ਆਪਣੀ ਪੂਰੀ ਵਾਹ ਲਗਾ ਦੇਣਗੇ, ਜਿਸ ਦੀ ਪੂਰੀ ਜ਼ਿੰਮੇਵਾਰੀ ਸਥਾਨਕ ਪ੍ਰਸ਼ਾਸਨ ਦੀ ਹੋਵੇਗੀ।

ਜਦੋਂ ਇਸ ਸਬੰਧੀ ਪੱਖ ਜਾਣਨ ਲਈ ਡੀ ਐਸ ਪੀ ਬਲਾਚੌਰ ਹੇਮੰਤ ਮਲਹੋਤਰਾ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਕਿਹਾ ਨੋਜਵਾਨ ਦੀ ਲਾਸ਼ ਲੱਭਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਪਾਣੀ ਦਾ ਵਹਾਅ ਤੇਜ਼ ਅਤੇ ਪਾਣੀ ਜ਼ਿਆਦਾ ਠੰਡਾ ਹੋਣ ਕਰਕੇ ਮੁਸ਼ਕਿਲ ਆ ਰਹੀ ਹੈ ਪਰ ਜਲਦ ਹੀ ਉਸ ਨੋਜਵਾਨ ਦੀ ਲਾਸ਼ ਲੱਭਕੇ ਵਾਰਸਾਂ ਦੇ ਹਵਾਲੇ ਕੀਤੀ ਜਾਵੇ ਗੀ ਇਸ ਮੌਕੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਬਸਪਾ ਆਗੂ ਦਿਲਬਾਗ ਸਿੰਘ ਸਾਬਕਾ ਐਮ.ਸੀ., ਦਵਿੰਦਰ ਸਿਮਰ, ਵਾਰਿਸ ਪੰਜਾਬ ਦੇ ਜਥੇਬੰਦੀ ਦੇ ਆਗੂ ਐਡਵੋਕੇਟ ਪ੍ਰਵੇਸ਼ ਖੋਸਲਾ ਸਣੇ ਵੱਡੀ ਗਿਣਤੀ ਵਿੱਚ ਸਿਆਸੀ ਆਗੂ ਤੇ ਲੋਕ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਵਾਤਾਵਰਨ ਸੁਰੱਖਿਆ ਬਾਰੇ ਜਾਗਰੂਕ ਕੀਤਾ









**ਸ਼੍ਰੀ ਅਨੰਦਪੁਰ ਸਾਹਿਬ** ਸਰਕਾਰੀ ਪ੍ਰਾਇਮਰੀ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ ਦੇ ਮਾਸਟਰ ਸੰਜੀਵ ਧਰਮਾਣੀ ਨੇ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਵਾਤਾਵਰਨ ਸੁਰੱਖਿਆ ਬਾਰੇ ਜਾਗਰੂਕ ਕੀਤਾ। ਇਸ ਮੌਕੇ ਵਾਤਾਵਰਨ - ਪ੍ਰੇਮੀ ਈਕੋ ਕਲੱਬ ਇੰਚਾਰਜ ਮਾਸਟਰ ਸੰਜੀਵ ਧਰਮਾਣੀ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਕੂੜਾ - ਪ੍ਰਬੰਧਨ , ਪਾਣੀ ਦੀ ਸੰਭਾਲ਼ , ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਲਗਾਏ ਗਏ ਪੌਦਿਆਂ ਦੀ ਸੰਭਾਲ਼ ਕਰਨ , ਪਰਾਲ਼ੀ ਨਾ ਸਾੜਨ , ਪਲਾਸਟਿਕ ਦੇ ਲਿਫ਼ਾਫਿਆਂ ਦੀ ਵਰਤੋਂ ਦੀ ਥਾਂ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਨ ਤੇ ਪਲਾਸਟਿਕ ਦੇ ਨੁਕਸਾਨ , ਬਿਜਲੀ ਦੀ ਬੱਚਤ ਕਰਨ , ਚਾਈਨਾ ਡੋਰ ਦੀ ਵਰਤੋਂ ਨਾ ਕਰਨ , ਪੈਦਲ ਚੱਲਣ , ਸਾਈਕਲ ਦੀ ਵਰਤੋਂ ਕਰਨ , ਵਿਹੜਿਆਂ , ਗੱਡੀਆਂ ਤੇ ਫਰਸ਼ਾਂ ਨੂੰ ਨਲਕੇ ਦੇ ਪਾਣੀ ਨਾਲ਼ ਧੋਣ ਦੀ ਥਾਂ ਪੋਚੇ ਤੇ ਗਿੱਲੇ ਕੱਪੜੇ ਦੇ ਨਾਲ਼ ਸਾਫ਼ ਕਰਨ , ਰਾਤ ਨੂੰ ਬੇਲੋੜੀਆਂ ਲਾਈਟਾਂ ਨਾ ਜਗਾਉਣ , ਸ਼ਾਕਾਹਾਰੀ ਭੋਜਨ ਦੀ ਵਰਤੋਂ ਕਰਨ , ਭੋਜਨ ਦੀ ਬੇਕਦਰੀ ਨਾ ਕਰਨ , ਕੂੜਾ ਕੂੜੇਦਾਨ ਵਿੱਚ ਪਾਉਣ ਆਦਿ ਵਿਸ਼ਿਆਂ ਬਾਰੇ ਜਾਗਰੂਕ ਕੀਤਾ। ਇਸੇ ਦੇ ਤਹਿਤ ਵਿਦਿਆਰਥੀਆਂ ਪਾਸੋਂ ਵਾਤਾਵਰਨ ਸੁਰੱਖਿਆ ਜਾਗਰੂਕਤਾ ਬਾਰੇ ਪੇਂਟਿੰਗਜ਼ ਤੇ ਲੇਖ ਮੁਕਾਬਲੇ ਕਰਵਾਏ ਗਏ। ਮਾਸਟਰ ਸੰਜੀਵ ਧਰਮਾਣੀ ਨੇ ਬੱਚਿਆਂ ਨੂੰ ਸਮਝਾਇਆ ਕਿ ਧਰਤੀ - ਮਾਤਾ ਨੂੰ ਸਾਫ਼ - ਸੁਥਰਾ ਤੇ ਹਰਾ - ਭਰਾ ਰੱਖਣਾ ਸਾਡਾ ਸਭ ਦਾ ਫ਼ਰਜ਼ ਹੈ।

# ਪੰਜਾਬੀ ਬੱਚਿਆਂ ਵਿਚ ਯੂ ਪੀ ਐਸ ਸੀ ਦੀ ਘਟਦੀ ਤਾਂਗ

ਕਿਸੇ ਵੀ ਭਾਰਤੀ ਨਾਗਰਿਕ ਲਈ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਇਮਤਿਹਾਨ ਪਾਸ ਕਰਨਾ ਬਹੁਤ ਹੀ ਮਾਣ ਵਾਲੀ ਉਪਲੱਬਧੀ ਹੈ।ਕਿਉਂਕਿ ਯੂ ਪੀ ਐਸ ਸੀ ਇਮਤਿਹਾਨ ਪਾਸ ਕਰਨ ਵਾਲੇ ਭਾਰਤੀ ਨਾਗਰਿਕਾਂ ਵਿੱਚੋਂ ਹੀ ਆਈ ਏ ਐਸ,ਆਈ ਐਫ ਐਸ ਅਤੇ ਆਈ ਪੀ ਐਸ ਆਦਿ ਉੱਚ ਅਹੁਦਿਆਂ ਲਈ ਚੋਣ ਕੀਤੀ ਜਾਂਦੀ ਹੈ।ਪੂਰੇ ਦੇਸ਼ ਵਿੱਚ,ਇਹਨਾਂ ਅਹੁਦਿਆਂ ਲਈ ਚੁਣੇ ਜਾਣ ਵਾਲਿਆਂ ਨੂੰ ਬਹੁਤ ਹੀ ਸਤਿਕ-ਾਰ ਭਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ।ਇੱਕ ਸਮਾਂ ਸੀ ਜਦੋਂ ਸਕੂਲਾਂ/ਕਾਲਜਾਂ ਚ ਪੜਦੇ ਪੇਂਡੂ ਵਿਦਿਆਰਥੀ ਦੇ ਦਿਲਾਂ ਵਿੱਚ ਵੀ ਇਹ ਖਾਬ ਹੁੰਦਾ ਸੀ ਕਿ ਉਹ ਵੀ ਇਹ ਇਮਤਿਹਾਨ ਪਾਸ ਕਰਕੇ ਬੜੇ ਅਫ਼ਸਰ ਬਣਨਗੇ। ਪਰ ਅੱਜ ਪੂਰੇ ਪੰਜਾਬ ਵਿੱਚ,ਗਿਣਤੀ ਦੇ ਕੁਝ ਕੁ ਵਿਦਿਆਰਥੀ ਹੋਣ ਗੇ,ਜਿਹਨਾਂ ਦੇ ਮਨ ਚ ਯੂ ਪੀ ਐਸ ਸੀ ਦਾ ਇਮਤਿਹਾਨ ਪਾਸ ਕਰਨ ਦੀ ਤਾਂਘ ਹੋਏ ਗੀ। ਯੂ ਪੀ ਐਸ ਸੀ ਇਮਤਿਹਾਨ ਬਾਰੇ ਪੰਜਾਬੀ ਬੱਚਿਆਂ ਦੇ ਦਿਲਾਂ ਵਿੱਚ ਉਭਰੀ ਇਸ ਬੇਰੁਖੀ ਪਿੱਛੇ,ਢੇਰ ਸਾਰੇ ਸਮਾਜਿਕ ਅਤੇ ਰਾਜਨੀਤਕ ਕਾਰਨ ਭਰੇ ਪਏ ਹਨ।ਪਹਿਲਾਂ,ਤਕਰੀਬਨ 1975 ਤੱਕ,ਪੰਜਾਬ ਦੇ ਲੋਕ ਬਹੁਤ ਘੱਟ ਪੜੇ ਲਿਖੇ ਸਨ। ਉਨ੍ਹਾਂ ਦੇ ਦਿਲਾਂ ਵਿੱਚ ਇੱਕ ਹੀ ਖਾਹਿਸ਼ ਹੋਇਆ ਕਰਦੀ ਸੀ ਕਿ ਉਨ੍ਹਾਂ ਦੇ ਬੱਚੇ ਪੜ ਲਿਖ ਕੇ ਬੜੇ ਅਫ਼ਸਰ ਬਣਨ,ਬੱਚਿਆਂ ਚ ਵੀ ਕੁਝ ਕਰ ਗੁਜਰਨ ਦਾ ਜਜਬਾ ਹੁੰਦਾ ਸੀ।ਪੜ੍ਹਾਈ ਸਸਤੀ ਹੁੰਦੀ ਸੀ। ਸਿਰਫ਼ ਸਰਕਾਰੀ ਅਤੇ ਅਰਧ ਸਰਕਾਰੀ ਸਕੂਲ/ਕਾਲਜ ਹੋਇਆ ਕਰਦੇ ਸਨ। ਨਾ ਕੋਈ ਟਿਊਸ਼ਨ ਸੈਂਟਰ, ਨਾ ਕੋਈ ਕੋਚਿੰਗ ਸੈਂਟਰ ਹੁੰਦਾ ਸੀ।ਜਿਸ ਵਿੱਚ ਕਾਬਲੀਅਤ ਹੁੰਦੀ ਸੀ,ਉਹ ਹੀ ਆਪਣੀ ਮਿਹਨਤ ਨਾਲ ਅੱਗੇ ਆਇਆ ਕਰਦਾ ਸੀ।ਇਸ ਤਰ੍ਹਾਂ ਸਿਰਫ਼ ਕਾਬਿਲ ਲੋਕ ਹੀ ਇਹ ਇਮਤਿਹਾਨ ਪਾਸ ਕਰਕੇ ਅੱਗੇ ਆਉਂਦੇ ਸਨ।

ਫ਼ੇਰ ਸਰਕਾਰ ਨੇ ਸਿੱਖਿਆ ਦਾ ਵਪਾਰੀ ਕਰਣ ਕਰ ਦਿੱਤਾ।ਮਹਿੰਗੇ ਸਕੂਲ/ਕਾਲਜ,ਮਹਿੰਗੀ ਟਿਊਸ਼ਨ,ਮਹਿੰਗੇ ਕੋਚਿੰਗ ਸੈਂਟਰਾਂ ਵਿੱਚ ਪੜ ਕੇ, ਅਤੇ ਕੋਚਿੰਗ ਲੈ ਕੇ ਅਮੀਰ ਘਰਾਂ ਦੇ ਬੱਚੇ ਅੱਗੇ ਆਉਣ ਲੱਗੇ।ਇਸ ਤਰ੍ਹਾਂ ਯੂ ਪੀ ਐਸ ਸੀ ਇਮਤਿਹਾਨ ਵਿੱਚ ਕਾਬਿਲ ਵਿਦਿਆਰਥੀਆਂ ਦੀ ਥਾਂ,ਕੋਚਿੰਗ ਸੈਂਟਰਾਂ ਚ ਤਿਆਰ ਕੀਤੇ ਵਿਦਿਆਰਥੀਆਂ ਦਾ ਬੋਲਬਾਲਾ ਹੋ ਗਿਆ। ਜਿਸ ਨਾਲ ਆਮ ਘਰਾਂ ਦੇ ਬੱਚੇ,ਮਾਯੂਸ ਹੋ ਕੇ ਵਿਦੇਸ਼ਾਂ ਨੂੰ ਉਡਾਰੀਆਂ ਮਾਰਨ ਲੱਗ ਪਏ। ਕਿਉਂਕਿ ਉਹਨਾਂ ਨੂੰ ਯੂ ਪੀ ਐਸ ਸੀ ਇਮਤਿਹਾਨ ਪਾਸ ਕਰ ਕੇ ਅਫ਼ਸਰ ਬਣਨ ਤੋਂ ਵਧੀਆ ਉਜਵਲ ਭਵਿੱਖ ਵਿਦੇਸ਼ਾਂ ਵਿੱਚ ਦਿਖਾਈ ਦੇ ਰਿਹਾ ਹੈ।ਵੈਸੇ ਵੀ ਅੱਜ ਪੰਜਾਬੀ ਸਮਾਜ ਵਿੱਚ ,ਸਰਕਾਰੀ ਅਫ਼ਸਰਾਂ ਤੋਂ ਜਿਆਦਾ,ਐਨ ਆਰ ਆਈਜ਼ ਨੂੰ ਸਤਿਕਾਰ ਦਿੱਤਾ ਜਾਣ ਲੱਗਾ ਹੈ। ਕੇਂਦਰੀ ਅਫ਼ਸਰਾਂ 'ਤੇ, ਲੋੜ ਤੋਂ ਵੱਧ ਪੈ ਰਹੇ ਰਾਜਨੀਤਕ ਦਬਾਅ ਕਾਰਨ ਵੀ,ਕਾਬਿਲ ਬੱਚਿਆਂ ਦੀ,ਯੂ ਪੀ ਐਸ ਸੀ ਪਾਸ ਕਰਨ ਚ ਬਹੁਤੀ ਰੁਚੀ ਨਹੀਂ ਰਹੀ ਹੈ।ਇਸ ਲਈ ਉਹ,ਰਾਜਨੀਤਕ ਨੇਤਾਵਾਂ ਦੀ ਗੁਲਾਮੀ ਕਰਨ ਦੀ ਥਾਂ,ਹੋਰ ਖੇਤਰਾਂ ਚ,ਕੰਮ ਕਰਨ ਨੂੰ ਤਰਜ਼ੀਹ ਦੇਣ ਲੱਗੇ ਹਨ।ਜਿੱਥੇ ਉਹਨਾਂ ਨੂੰ ਮਾਨ ਸਨਮਾਨ, ਕੰਮ ਕਰਨ ਦੀ ਅਜ਼ਾਦੀ ਅਤੇ ਬੇਹਤਰ ਤਨਖਾਹਾਂ ਮਿਲ ਰਹੀਆਂ ਹਨ।



**ਗੁਰਦੀਪ ਸਿੰਘ ਮੁਕੱਦਮ**
**9878160133**

# ਪੰਜਾਬੀਆਂ ਵੱਲੋਂ ਮਿਹਨਤ ਨਾਲ ਕਮਾਏ ਪੈਸੇ ਦੀ ਅੰਨੀ ਲੁੱਟ ਚਿੰਤਾਜਨਕ, ਹਿੰਦੂ ਵੋਟਰਾਂ ਨੂੰ ਲੁਭਾਉਣ ਲਈ 'ਆਪ' ਤੇ ਭਾਜਪਾ ਕਰ ਰਹੀਆਂ ਨੇ ਪਖੰਡ ਦੀ ਰਾਜਨੀਤੀ: ਕਰਨ ਸਿੰਘ ਰਾਣਾ

**ਬਲਾਚੌਰ, 6 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਸਾਂਝਾ ਕਿਸਾਨ ਮਜ਼ਦੂਰ ਮੋਰਚਾ (ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ) ਦੇ ਜਨਰਲ ਸਕੱਤਰ ਸਾਥੀ ਕਰਨ ਸਿੰਘ ਰਾਣਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਭਾਜਪਾ ਅਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਹਿੰਦੂ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਅਤੇ ਵੋਟਾਂ ਬਟੋਰਨ ਲਈ ਦੋਵਾਂ ਪਾਰਟੀਆਂ ਵੱਲੋਂ ਜੋ ਹੱਥਕੰਡੇ ਵਰਤੇ ਜਾ ਰਹੇ ਹਨ, ਉਹ ਪੰਜਾਬ ਅਤੇ ਪੰਜਾਬੀਆਂ ਦੇ ਹਿੱਤ ਵਿੱਚ ਬਿਲਕੁਲ ਨਹੀਂ ਹਨ। ਉਨ੍ਹਾਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਸ਼ੁਰੂ ਕੀਤੇ 'ਇੱਕ ਸ਼ਾਮ ਸ਼ਿਵ ਕੇ ਨਾਮ' ਪ੍ਰੋਗਰਾਮਾਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਜਗਰਾਤਿਆਂ ਅਤੇ ਭਜਨ ਕੀਰਤਨਾਂ ਦੇ ਨਾਂ 'ਤੇ ਪੰਜਾਬ ਦੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਬੇਦਰਦੀ ਨਾਲ ਉਡਾਇਆ ਜਾ ਰਿਹਾ ਹੈ। ਉਨ੍ਹਾਂ ਮਿਸਾਲ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਗੁਰਦਾਸਪੁਰ ਵਿਖੇ ਹੋਏ ਪ੍ਰੋਗਰਾਮ ਦੌਰਾਨ ਹਿਮਾਚਲੀ ਗਾਇਕ ਹੰਸ ਰਾਜ ਰਘੂਬੰਸ਼ੀ ਨੇ ਆਪਣੀ 40 ਲੱਖ ਰੁਪਏ ਦੀ ਮੋਟੀ ਫੀਸ ਐਡਵਾਂਸ ਮੰਗ ਕੇ ਪ੍ਰਸ਼ਾਸਨ ਨੂੰ ਭਾਜੜਾਂ ਪਾ ਦਿੱਤੀਆਂ ਅਤੇ ਇਹ ਭਾਰੀ ਰਕਮ ਪੰਜਾਬ ਦੇ ਲੋਕਾਂ ਦੇ ਖ਼ਜ਼ਾਨੇ ਵਿੱਚੋਂ ਦਿਵਾਈ ਗਈ, ਜੋ ਕਿ ਬੇਹੱਦ ਚਿੰਤਾਜਨਕ ਹੈ।



ਕਿਸਾਨ ਆਗੂ ਨੇ ਅੱਗੇ ਕਿਹਾ ਕਿ ਅਜਿਹੇ ਹੀ ਮਹਿੰਗੇ ਅਤੇ ਫ਼ਜ਼ੂਲਖ਼ਰਚੀ ਵਾਲੇ ਪ੍ਰੋਗਰਾਮ ਹੁਣ ਭਾਰਤੀ ਜਨਤਾ ਪਾਰਟੀ ਵੱਲੋਂ ਵੀ ਉਲੀਕੇ ਜਾ ਰਹੇ ਹਨ, ਜਿਸ ਵਿੱਚ ਮਹਿੰਗੇ ਗਾਇਕ ਕਨ੍ਹਈਆ ਮਿੱਤਲ ਨੂੰ ਸ਼ਾਮਲ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਦੋਵੇਂ ਸਿਆਸੀ ਪਾਰਟੀਆਂ ਸਿਰਫ਼ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਧਾਰਮਿਕ ਆਯੋਜਨਾਂ ਦਾ ਸਹਾਰਾ ਲੈ ਕੇ ਪੰਜਾਬੀਆਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਬਰਬਾਦ ਕਰ ਰਹੀਆਂ ਹਨ। ਕਰਨ ਸਿੰਘ ਰਾਣਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੇਜਰੀਵਾਲ ਅਤੇ ਭਾਜਪਾ ਦੀ ਇਸ ਪਖੰਡ ਦੀ ਰਾਜਨੀਤੀ ਦਾ ਸਮਾਂ ਰਹਿੰਦੇ ਵਿਰੋਧ ਨਾ ਕੀਤਾ ਗਿਆ, ਤਾਂ ਇਹ ਪਾਰਟੀਆਂ ਪੰਜਾਬੀਆਂ ਨੂੰ ਆਰਥਿਕ ਤੌਰ 'ਤੇ ਕੰਗਾਲ ਕਰ ਦੇਣਗੀਆਂ। ਇਸ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਦੇ ਨਾਲ ਭਾਈ ਲਾਲੋ ਲੋਕ ਮੰਚ ਦੇ ਸੂਬਾਈ ਆਗੂ ਬੀਬੀ ਚਰਨਜੀਤ ਕੌਰ ਅਤੇ ਜੋਗਾ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਆਮਿਰ ਖ਼ਾਨ ਨੇ 61 ਸਾਲ ਦੀ ਉਮਰ ਵਿੱਚ ਰਚਾਇਆ ਤੀਜਾ ਵਿਆਹ

**ਮੁੰਬਈ (ਹਰਜਿੰਦਰ ਪਾਲ ਛਾਬੜਾ)** ਬਾਲੀਵੁੱਡ ਦੇ 'ਮਿਸਟਰ ਪਰਫੈਕਸ਼ਨਿਸਟ' ਆਮਿਰ ਖ਼ਾਨ ਇੱਕ ਵਾਰ ਫਿਰ ਲਾੜਾ ਬਣ ਗਏ ਹਨ। ਉਨ੍ਹਾਂ ਨੇ 61 ਸਾਲ ਦੀ ਉਮਰ ਵਿੱਚ ਆਪਣੀ ਗਰਲਫ੍ਰੈਂਡ ਗੌਰੀ ਸਪ੍ਰੈਟ ਨਾਲ ਤੀਜੀ ਵਾਰ ਵਿਆਹ ਕਰਵਾ ਲਿਆ ਹੈ।

**ਵਿਆਹ ਦੀਆਂ ਮੁੱਖ ਗੱਲਾਂ:**

ਖ਼ਾਸ ਲੋਕੇਸ਼ਨ: ਇਹ ਵਿਆਹ ਪਾਲੀ ਹਿਲਸ ਸਥਿਤ ਆਮਿਰ ਖ਼ਾਨ ਦੇ ਘਰ ਵਿੱਚ ਹੀ ਬਹੁਤ ਸਾਦੇ ਅਤੇ ਨਿੱਜੀ ਢੰਗ ਨਾਲ ਹੋਇਆ।



ਖ਼ਾਸ ਮਹਿਮਾਨ: ਇਸ ਮੌਕੇ ਪਰਿਵਾਰ ਅਤੇ ਕਰੀਬੀ ਦੋਸਤਾਂ ਤੋਂ ਇਲਾਵਾ ਅੰਬਾਨੀ ਪਰਿਵਾਰ, ਰਾਜ ਠਾਕਰੇ, ਆਸ਼ੂਤੋਸ਼ ਗੋਵਾਰੀਕਰ, ਅਲੀ ਅਬਰਾਮ ਅਤੇ ਕ੍ਰਿਕਟਰ ਇਰਫ਼ਾਨ ਪਠਾਨ ਵਰਗੀਆਂ ਨਾਮਵਰ ਹਸਤੀਆਂ ਸ਼ਾਮਲ ਹੋਈਆਂ।

ਪਰਿਵਾਰ ਦੀ ਮੌਜੂਦਗੀ: ਆਮਿਰ ਖ਼ਾਨ ਦੇ ਬੱਚੇ—ਇਰਾ ਖ਼ਾਨ ਆਪਣੇ ਪਤੀ ਨੂਪੁਰ ਸ਼ਿਖਰੇ ਨਾਲ, ਜੁਨੈਦ ਖ਼ਾਨ ਅਤੇ ਕਿਰਨ ਰਾਓ ਦੇ ਬੇਟੇ ਆਜ਼ਾਦ ਰਾਓ ਵੀ ਇਸ ਖ਼ੁਸ਼ੀ ਦੇ ਮੌਕੇ 'ਤੇ ਮੌਜੂਦ ਸਨ। ਤਸਵੀਰਾਂ ਵਿੱਚ ਦਿਖਾਈ ਦੇ ਰਿਹਾ ਬੱਚਾ ਗੌਰੀ ਸਪ੍ਰੈਟ ਦਾ ਪਹਿਲੇ ਵਿਆਹ ਤੋਂ ਬੇਟਾ ਹੈ।

**ਆਮਿਰ ਖ਼ਾਨ ਦਾ ਸਫ਼ਰ:** ਪਹਿਲਾ ਵਿਆਹ: ਰੀਨਾ ਦੱਤਾ ਨਾਲ 18 ਅਪ੍ਰੈਲ 1986 - 2002

ਦੂਜਾ ਵਿਆਹ: ਕਿਰਨ ਰਾਓ ਨਾਲ 28 ਦਸੰਬਰ 2005 - 2021

ਤੀਜਾ ਵਿਆਹ: ਗੌਰੀ ਸਪ੍ਰੈਟ ਨਾਲ 5 ਜੁਲਾਈ 2026

ਦੱਸਿਆ ਜਾ ਰਿਹਾ ਹੈ ਕਿ ਆਮਿਰ ਅਤੇ ਗੌਰੀ ਦੀ ਮੁਲਾਕਾਤ 2024 ਵਿੱਚ ਬੈਂਗਲੁਰੂ ਵਿੱਚ ਇੱਕ ਕਜ਼ਨ ਦੇ ਘਰ ਹੋਈ ਸੀ, ਜਿਸ ਤੋਂ ਬਾਅਦ 2025 ਵਿੱਚ ਉਨ੍ਹਾਂ ਨੇ ਆਪਣੇ ਰਿਸ਼ਤੇ ਦਾ ਐਲਾਨ ਕੀਤਾ ਸੀ।

ਨਵੀਂ ਵਿਆਹੀ ਜੋੜੀ ਨੂੰ ਉਨ੍ਹਾਂ ਦੀ ਆਉਣ ਵਾਲੀ ਜ਼ਿੰਦਗੀ ਲਈ ਬਹੁਤ-ਬਹੁਤ ਮੁਬਾਰਕਾਂ ।

# ਮੌਜੂਦਾ ਸਰਕਾਰ ਤੋਂ ਹਰ ਵਰਗ ਪਰੇਸ਼ਾਨ, ਸੱਤਾ ਤੋਂ ਲਾਂਭੇ ਕਰਨ ਲਈ ਸਮੁੱਚੀ ਕਾਂਗਰਸ ਦਾ ਇੱਕਮੁੱਠ ਹੋਣਾ ਸਮੇਂ ਦੀ ਮੁੱਖ ਲੋੜ: ਚੇਅਰਮੈਨ ਨਾਨਕ ਸਿੰਘ ਜੰਡੀ

**ਬਲਾਚੌਰ, 6 ਜੁਲਾਈ(ਜਤਿੰਦਰਪਾਲ ਸਿੰਘ ਕਲੇਰ )** : ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਬਲਾਕ ਸੰਮਤੀ ਦੇ ਚੇਅਰਮੈਨ ਨਾਨਕ ਸਿੰਘ ਜੰਡੀ ਵਲੋਂ ਮੌਜੂਦਾ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਤਿੱਖਾ ਪ੍ਰਤੀਕਰਮ ਦਿੱਤਾ ਗਿਆ ਹੈ। ਚੇਅਰਮੈਨ ਨਾਨਕ ਸਿੰਘ ਜੰਡੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੂਬੇ ਦਾ ਹਰ ਵਰਗ ਬੁਰੀ ਤਰ੍ਹਾਂ ਪਰੇਸ਼ਾਨ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨਾਕਾਮੀਆਂ ਕਾਰਨ ਲੋਕਾਂ ਵਿੱਚ ਭਾਰੀ ਨਿਰਾਸ਼ਾ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਇਸ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਉਨ੍ਹਾਂ ਵੱਖ-ਵੱਖ ਆਗੂਆਂ ਅਤੇ ਵਰਕਰਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਮੌਜੂਦਾ ਸਿਆਸੀ ਹਾਲਾਤ ਨੂੰ ਦੇਖਦਿਆਂ ਸਮੁੱਚੀ ਕਾਂਗਰਸ ਪਾਰਟੀ ਦਾ ਇੱਕਮੁੱਠ ਹੋਣਾ ਸਮੇਂ ਦੀ ਸਭ ਤੋਂ ਮੁੱਖ ਲੋੜ ਬਣ ਚੁੱਕਾ ਹੈ।



ਚੇਅਰਮੈਨ ਨਾਨਕ ਸਿੰਘ ਜੰਡੀ ਨੇ ਸਮੂਹ ਪਾਰਟੀ ਵਰਕਰਾਂ ਅਤੇ ਆਗੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ "ਆਓ! ਸਮੁੱਚੀ ਕਾਂਗਰਸ ਨੂੰ ਇੱਕਮੁੱਠ ਕਰੀਏ ਅਤੇ ਪੰਜਾਬ ਨੂੰ ਮੁੜ ਤਰੱਕੀ ਦੇ ਰਾਹ 'ਤੇ ਲੈ ਕੇ ਚੱਲੀਏ"। ਉਨ੍ਹਾਂ ਦਾਅਵਾ ਕੀਤਾ ਕਿ 'ਇੱਕਜੁੱਟ ਕਾਂਗਰਸ' ਹੀ ਇੱਕ 'ਤਾਕਤਵਰ ਪੰਜਾਬ' ਦਾ ਨਿਰਮਾਣ ਕਰ ਸਕਦੀ ਹੈ ਅਤੇ ਸੂਬੇ ਦੇ ਲੋਕਾਂ ਨੂੰ ਮੌਜੂਦਾ ਸੰਕਟ ਵਿੱਚੋਂ ਕੱਢ ਸਕਦੀ ਹੈ। ਚੇਅਰਮੈਨ ਜੰਡੀ ਨੇ 'ਮਜ਼ਬੂਤ ਕਾਂਗਰਸ - ਖੁਸ਼ਹਾਲ ਪੰਜਾਬ' ਦੇ ਸੰਕਲਪ ਨੂੰ ਦੁਹਰਾਉਂਦਿਆਂ ਕਿਹਾ ਕਿ ਕਾਂਗਰਸ ਪਾਰਟੀ ਹੀ ਹਮੇਸ਼ਾ ਪੰਜਾਬ ਦੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਕਰਦੀ ਆਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਸੂਬੇ ਅੰਦਰ ਇਕਜੁੱਟਤਾ ਦਿਖਾਉਂਦੇ ਹੋਏ ਵੱਡੀ ਸਿਆਸੀ ਤਬਦੀਲੀ ਲਿਆਵੇਗੀ।

# ਕੇਨ ਕਮਿਸ਼ਨਰ ਪੰਜਾਬ ਵੱਲੋਂ ਖ਼ਾਦ ਵਿਕਰੇਤਾਵਾਂ ਅਤੇ ਪਲਾਈਵੁੱਡ ਇੰਡਸਟਰੀ ਦੀ ਚੈਕਿੰਗ

**ਨਵਾਂ ਸ਼ਹਿਰ : 6 ਜੁਲਾਈ (ਮਨੋਰੰਜਨ ਕਾਲੀਆ)** : ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਡਾਕਟਰ ਗੁਰਜੀਤ ਸਿੰਘ ਬਰਾੜ ਜੀ ਦੀ ਯੋਗ ਅਗਵਾਈ ਹੇਠ ਕਿਸਾਨਾਂ ਨੂੰ ਮਿਆਰੀ ਅਤੇ ਸਮੇਂ ਸਿਰ ਖੇਤੀ ਸਮਗਰੀ ਉਪਲਬਧ ਕਰਵਾਉਣ ਦੇ ਮੰਤਵ ਲਈ ਰਾਜ ਪੱਧਰੀ ਨਿਗਰਾਨ ਟੀਮਾਂ ਵਲੋਂ ਸਮੂਹ ਜ਼ਿਲ੍ਹਿਆਂ ਵਿਚ ਖਾਦ ਡੀਲਰਾਂ ਦੀਆਂ ਦੁਕਾਨਾਂ, ਗੋਦਾਮਾਂ ਅਤੇ ਪਲਾਈ ਵੁਡ ਉਦਯੋਗਿਕ ਇਕਾਈਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੁਹਿੰਮ ਤਹਿਤ ਜ਼ਿਲੇ ਅੰਦਰ ਰਾਜ ਪੱਧਰੀ ਟੀਮ ਵੱਲੋਂ ਬਲਾਚੌਰ ਅਤੇ ਜਾਡਲਾ ਵਿਖੇ ਖਾਦ ਵਿਕ੍ਰੇਤਾਵਾਂ ਅਤੇ ਪਲਾਈਵੁਡ ਉਦਯੋਗਿਕ ਇਕਾਈਆਂ ਦੀ ਚੈਕਿੰਗ ਕੀਤੀ ਅਤੇ ਸੈਂਪਲਿੰਗ ਕਰਵਾਈ ਗਈ। ਇਸ ਟੀਮ ਵਿੱਚ ਡਾਕਟਰ ਅਮਰੀਕ ਸਿੰਘ ਕੇਨ ਕਮਿਸ਼ਨਰ ਖੇਤੀਬਾੜੀ ਪੰਜਾਬ ਜੀ, ਡਾਕਟਰ ਲੇਖ ਰਾਜ ਮਾਹੀ ਮੁੱਖ ਖੇਤੀਬਾੜੀ ਅਫ਼ਸਰ, ਡਾਕਟਰ ਰਾਜ ਕੁਮਾਰ ਖੇਤੀਬਾੜੀ ਅਫਸਰ ਨਵਾਂਸ਼ਹਿਰ, ਡਾਕਟਰ ਨੀਤਨ ਖੇਤੀਬਾੜੀ ਅਫਸਰ ਬਲਾਚੌਰ, ਡਾਕਟਰ ਵਿਜੈ ਮਹੇਸ਼ੀ



ਖੇਤੀਬਾੜੀ ਵਿਕਾਸ ਅਫਸਰ (ਇਨਫੋ), ਡਾਕਟਰ ਗੁਰਪ੍ਰੀਤ ਸਿੰਘ ਅਤੇ ਡਾਕਟਰ ਜਗਮਨਦੀਪ ਕੌਰ ਸਾਰੇ ਖੇਤੀਬਾੜੀ ਵਿਕਾਸ ਅਫਸਰ ਸ਼ਾਮਿਲ ਸਨ। ਡਾ ਅਮਰੀਕ ਸਿੰਘ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਵਿਚ ਲਗਾਤਾਰ ਯੂਰੀਆ ਖਾਦ ਦੀ ਵਰਤੋਂ ਵੱਧ ਰਹੀ ਹੈ ਅਤੇ ਅਤੇ ਵੇਖਣ ਵਿਚ ਆਇਆ ਹੈ ਕਿ ਸਬਸਿਡੀ ਵਾਲੀ ਯੂਰੀਆ ਖਾਦ ਦੀ ਵਰਤੋਂ ਫੀਡ ਅਤੇ ਪਲਾਈਵੁੱਡ ਇੰਡਸਟਰੀ ਵਿਚ ਸੰਭਵ ਹੈ, ਜੋ ਕਿ ਗੈਰ ਕਾਨੂੰਨੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਉਦਯੋਗਿਕ ਇਕਾਈਆਂ ਵਿਚ ਯੂਰੀਆ ਖਾਦ ਦੀ ਵਰਤੋਂ ਨੂੰ ਰੋਕਣ ਸਬੰਧੀ ਪੂਰੇ ਪੰਜਾਬ ਵਿਚ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਸਮੂਹ ਖ਼ਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੀ.ਓ.ਐਸ ਮਸ਼ੀਨਾਂ ਵਿਚੋਂ ਸਟਾਕ ਕਲੀਅਰ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਫ਼ਸਲਾਂ ਦੀ ਲੋੜ ਅਨੁਸਾਰ ਹੀ ਖ਼ਾਦ ਦਿੱਤੀ ਜਾਵੇ ਅਤੇ ਫਾਲਤੂ ਖ਼ਾਦ ਦੀ ਵਿਕਰੀ ਬਿਲਕੁਲ ਨਾ ਕੀਤੀ ਜਾਵੇ। ਜੇਕਰ ਕੋਈ ਵੀ ਖ਼ਾਦ ਵਿਕਰੇਤਾ ਯੂਰੀਆ ਖਾਦ ਫੀਡ ਅਤੇ ਪਲਾਈਵੁੱਡ ਇੰਡਸਟਰੀਆਂ ਨੂੰ ਵੇਚਦਾ ਫੜਿਆ ਗਿਆ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਖੇਤੀ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਸਮੂਹ ਖ਼ਾਦ ਵਿਕਰੇਤਾਵਾਂ, ਫੀਡ ਅਤੇ ਪਲਾਈਵੁੱਡ ਇੰਡਸਟਰੀ ਦੀ ਲਗਾਤਾਰ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕਿਸੇ ਇੰਡਸਟਰੀ ਵਿਚ ਸਬਸਿਡੀ ਵਾਲੇ ਯੂਰੀਆ ਦੀ ਵਰਤੋਂ ਹੁੰਦੀ ਪਾਈ ਜਾਂਦੀ ਹੈ ਤਾਂ ਉਸ ਇੰਡਸਟਰੀ 'ਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਉਸ ਨੂੰ ਸੀਜ਼ ਕੀਤਾ ਜਾਵੇ।

ਇਸ ਮੌਕੇ ਡਾ.ਲੇਖ ਰਾਜ ਮਾਹੀ ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਕਿ ਇਨ੍ਹਾਂ ਹੁਕਮਾਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ ਅਤੇ ਜ਼ਿਲ੍ਹੇ ਅੰਦਰ ਖ਼ਾਦ ਦੀ ਫਾਲਤੂ ਵਿਕਰੀ ਅਤੇ ਇੰਡਸਟਰੀ ਵਿੱਚ ਕੀਤੀ ਜਾ ਰਹੀ ਗੈਰ ਕਾਨੂੰਨੀ ਵਰਤੋਂ ਨੂੰ ਬਿਲਕੁਲ ਰੋਕਿਆ ਜਾਵੇਗਾ ਅਤੇ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

# ਭਾਰਤ ਸਕਾਊਟਸ ਅਤੇ ਗਾਈਡਜ਼ ਵਲੋਂ ਸਫਲਤਾ ਪੂਰਵਕ ਆਯੋਜਿਤ ਕੀਤਾ ਟ੍ਰੇਨਿੰਗ ਕੈਂਪ

## ਪੰਜਾਬ ਦੇ 102 ਅਧਿਆਪਕਾਂ ਦੀ ਬੇਸਿਕ ਅਤੇ ਐਡਵਾਂਸ ਟ੍ਰੇਨਿੰਗ ਹੋਈ ਸੰਪੰਨ







**ਨਵਾਂਸ਼ਹਿਰ 6 ਜੁਲਾਈ( ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨੀ ਭਾਰਤ ਸਕਾਊਟਸ ਅਤੇ ਗਾਈਡਜ਼ ਪੰਜਾਬ ਵਲੋਂ ਪੰਜਾਬ ਭਰ ਦੇ ਆਧਿਆਪਕਾਂ ਲਈ ਦੋਨੋ ਸ਼ੈਕਸ਼ਨਾਂ ਦੇ ਸੱਤ ਰੋਜਾ ਟ੍ਰੇਨਿੰਗ ਕੈਂਪ ਸਟੇਟ ਟ੍ਰੇਨਿੰਗ ਸੈਂਟਰ ਤਾਰਾ ਦੇਵੀ (ਸ਼ਿਮਲਾ) ਵਿਖੇ ਸਟੇਟ ਸਕੱਤਰ ਰੌਸ਼ਨ ਲਾਲ ਸੂਦ ਦੀ ਨਿਰਦੇਸ਼ਨਾ ਮੁਤਾਬਕ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਉਂਕਾਰ ਸਿੰਘ ਅਤੇ ਨੈਸ਼ਨਲ ਹੈਡਕੁਆਰਟਰ ਦਿੱਲੀ ਵਲੋਂ ਪਹੁੰਚੇ ਕਰਨੈਲ ਸਿੰਘ ਐਲ ਟੀ ਰੋਵਰ ਦੀ ਅਗਵਾਈ ਵਿੱਚ ਸਫ਼ਲਤਾ ਪੂਰਵਕ ਸੰਪੰਨ ਹੋਏ। ਬੇਸਿਕ ਅਤੇ ਐਡਵਾਂਸ ਕੱਬ, ਸਕਾਊਟ, ਗਾਈਡ, ਰੋਵਰ, ਰੇਜ਼ਰ ਆਦਿ ਪੱਧਰਾਂ 'ਤੇ ਪੜਦੇ ਵਿਦਿਆਰਥੀਆਂ ਨੂੰ ਸਕਾਊਟਿੰਗ ਗਤੀਵਿਧੀਆਂ ਚਲਾਉਣ ਲਈ ਟ੍ਰੇਂਡ ਕੀਤਾ ਗਿਆ। ਟ੍ਰੇਨਿੰਗ ਦੌਰਾਨ ਫਲੈਗ ਸੈਰੇਮਨੀ,ਬੀ ਪੀ ਸਿਕਸ, ਇਤਿਹਾਸ, ਰੋਟਾ, ਕਿੱਟ,ਐਸ਼ਟੀਮੇਸ਼ਨ, ਨਕਸ਼ਾ,ਕੰਪਾਸ, ਐਸ਼ਟੀਮੇਸ਼ਨ, ਮੁੱਢਲੀ ਸਹਾਇਤਾ, ਪੈਟਰੋਲ ਸ਼ਿਸ਼ਟਮ, ਯੋਗ, ਨਿਰੀਖਣ, ਸਕਾਊਟਿੰਗ ਵਰਦੀ, ਯੂਨਿਟ ਬਨਾਉਣਾ, ਰਿਕਾਰਡ ਰੱਖਣਾ, ਯੂਨਿਟ ਰਜਿਸ਼ਟਰ ਕਰਨਾ, ਰਿਕਾਰਡ ਰੱਖਣਾ, ਟ੍ਰੈਕਿੰਗ, ਸ਼ੈਸ਼ਨ ਮੈਥਿਡ, ਕੈਂਪ ਫਾਇਰ, ਸਰਬ ਧਰਮ ਪ੍ਰਾਥਨਾਂ, ਝੰਡਿਆਂ ਬਾਰੇ ਜਾਣਕਾਰੀ, ਸਿੱਖਿਆ ਗ੍ਰਹਿਣ ਕਰਦਿਆਂ ਆਪਸੀ ਮਿਲਵਰਤਣ , ਭਾਈਚਾਰਕ ਸ਼ਾਂਝ ਆਦਿ ਦੀ ਜਾਣਕਾਰੀ ਪੈਟਰੋਲਾਂ ਵਿੱਚ ਵੰਡ ਕੇ ਵਿਵਹਾਰਿਕ ਤਰੀਕੇ ਨਾਲ 102 ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ ਗਈ। ਸ਼ੈਸ਼ਨਾਂ ਤੋਂ ਇਲਾਵਾ ਹਰ ਰੋਜ਼ ਟੈਸ਼ਟਿੰਗ ਲਈ ਐਸ ਟੀ ਏ ਦੇ ਸ਼ੈਸ਼ਨਾਂ ਦੇ ਬੇਸ ਵੀ ਆਯੋਜਿਤ ਕੀਤੇ ਜਾਂਦੇ ਰਹੇ। ਕੈਂਪ ਦੌਰਾਨ ਸਟੇਟ ਚੀਫ ਕਮਿਸ਼ਨਰ ਡਾ ਸੁਖਬੀਰ ਸਿੰਘ ਬੱਲ ਵਲੋਂ ਵੀ ਸ਼ਿਰਕਤ ਕੀਤੀ ਗਈ। ਕੈਂਪਰਾਂ ਨੂੰ ਸਕਾਊਟਿੰਗ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰੇਰਿਤ ਕੀਤਾ। ਕੈਪਾਂ ਦੌਰਾਨ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ,ਜਗਤਾਰ ਸਿੰਘ ਸੰਗਰੂਰ, ਸ੍ਰੀਮਤੀ ਨੀਟਾ ਕਸ਼ਿਅਪ ਸ਼ੌਛ (ਘ) ,ਨਿਰਲੇਪ ਕੌਰ, ਅਨੂ ਮਲਹੋਤਰਾ, ਸਰਬੁਟਾ ਸਿੰਘ, ਪਵਨ ਕੁਮਾਰ, ਗੁਰਿੰਦਰਪਾਲ ਸਿੰਘ, ਸੁਖਪਾਲ ਸਿੰਘ, ਰਣਜੀਤ ਸਿੰਘ, ਡਾ ਸੁਤੰਤਰ ਸਿੰਘ, ਦੇਸਰਾਜ ਸਿੰਘ, ਦਿਪਾਂਸ਼ੂ, ਏ ਐਸ ਓ ਸੀ ਮਨਜੀਤ ਕੌਰ, ਜਤਿੰਦਰ ਸਿੰਘ ਐਡਵੈਂਚਰ ਇੰਸਟੱਕਟਰ, ਨਿਸ਼ਾਨ ਸਿੰਘ ਆਦਿ ਦਾ ਟ੍ਰੇਨਿੰਗ ਟੀਮ 'ਚ ਵਿਸ਼ੇਸ਼ ਯੋਗਦਾਨ ਰਿਹਾ। ਕੈਂਪਰ ਆਕਾਸ਼ਦੀਪ ਸਿੰਘ ਵਲੋਂ ਬਣਾਏ ਪੈਂਸਿਲ ਸਕੈੱਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹੇ। ਕੈਂਪ ਦੌਰਾਨ ਵਾਈਡ ਗੇਮਾਂ, ਨਾਈਟ ਹਾਈਕ, ਖੋਜ਼ ਦੇ ਚਿੰਨ ਆਦਿ ਦੀ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਕੈਂਪ ਦੌਰਾਨ ਯੂਨਿਟ ਲੀਡਰ ਦੇ ਰੋਲ ਅਤੇ ਜ਼ਿੰਮੇਵਾਰੀ ਵਿਸ਼ੇ ਤੇ ਵੀ ਸ਼ੈਸ਼ਨ ਲਿਆ ਗਿਆ। ਕੈਂਪਰਾਂ ਨੇ ਪੈਟਰੋਲ ਵਾਈਜ਼ ਖਾਣਾ ਵਰਤਾਉਣਾ, ਨਿਰੀਖਣ ਕਰਨਾ, ਸ਼ੈਸ਼ਨ ਤਿਆਰੀ ਆਦਿ ਸੇਵਾਵਾਂ ਨੂੰ ਚਾਈਂ ਚਾਈਂ ਵਾਰੀ ਸਿਰ ਨਿਭਾਇਆ। ਸਮਾਪਨ ਸਮਾਰੋਹ ਸਮੇਂ ਡਾ. ਰੁਪਿੰਦਰ ਸਿੰਘ ਅਤੇ ਸਾਥੀਆਂ ਵਲੋਂ ਕੈਂਪ ਰਿਪੋਰਟ ਪੇਸ਼ ਕੀਤੀ ਗਈ। ਉਂਕਾਰ ਸਿੰਘ ਨੇ ਬੋਲਦਿਆਂ ਦੱਸਿਆ ਕਿ ਹੁਣ ਪੰਜਾਬ ਸਕਾਊਟਿੰਗ ਟੀਮ ਹੋਰ ਮਜਬੂਤੀ ਨਾਲ ਕਾਰਜਸ਼ੀਲ ਹੋਵੇਗੀ। ਸ੍ਰ ਕਰਨੈਲ ਸਿੰਘ ਜੀ ਦੁਆਰਾ ਜਿੱਥੇ ਟ੍ਰੇਨਿੰਗ ਸੈਂਟਰ ਦੀ ਖ਼ੂਬਸੂਰਤੀ ਦੀ ਪ੍ਰਸੰਸਾ ਕੀਤੀ ਉਥੇ ਕੈਂਪਰਾਂ ਦੁਆਰਾ ਦਿੱਤੇ ਸਹਿਯੋਗ ਦੀ ਵੀ ਭਰਪੂਰ ਸਲਾਘਾ ਦੇ ਸ਼ਬਦ ਸੁਨਣ ਨੂੰ ਮਿਲੇ। ਅਨੇਕਾ ਨਵੀਆਂ ਯਾਦਾਂ ਛੱਡਦਾ ਕੈਂਪ ਸਮਾਪਤ ਹੋ ਗਿਆ॥

# ਪ੍ਰੋ. ਗਿਆਨੀ ਦਿੱਤ ਸਿੰਘ ਪੱਤਰਕਾਰੀ ਪਹਿਲਾ ਸਨਮਾਨ ਬਘੇਲ ਸਿੰਘ ਧਾਲੀਵਾਲ ਨੂੰ ਭੇਟ ਕੀਤਾ

## ਰਾਮਪਾਲ ਸ਼ਾਹਪੁਰੀ ਦੀ ਪੁਸਤਕ ਬੀਜ ਅੰਦਰਲਾ ਜੰਗ.ਲ ਤੇ ਗੋਸ਼ਟੀ ਕਰਵਾਈ ਗਈ







**ਬਰਨਾਲਾ :** ਬੀਤੇ ਦਿਨੀਂ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵਲੋਂ ਸਾਹਿਤਕ ਸਮਾਗਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਅਮਿਨੇਂਸ ਵਿਖੇ ਕਰਵਾਇਆ ਗਿਆ ਜਿਸ ਵਿੱਚ ਸਭਾ ਵਲੋਂ ਡਾ. ਰਾਮਪਾਲ ਸ਼ਾਹਪੁਰੀ ਦੇ ਕਾਵਿ ਸੰਗ੍ਰਹਿ ਬੀਜ ਅੰਦਰਲਾ ਜੰਗਲ ਉਪਰ ਗੋਸ਼ਟੀ ਕਰਵਾਈ ਗਈ ਜਿਸ ਤੇ ਡਾ. ਧਰਮਿੰਦਰ ਸਿੰਘ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨੇ ਜ਼ਿੰਦਗੀ ਦੇ ਸੰਘਰਸ਼ ਦੀ ਸ਼ਾਇਰੀ ਸਿਰਲੇਖ ਹੇਠ ਪੇਪਰ ਪੜ੍ਹਿਆ। ਬਹਿਸ ਦਾ ਆਰੰਭ ਤੇਜਾ ਸਿੰਘ ਤਿਲਕ ਹੁਰਾਂ ਨੇ ਕਰਦਿਆਂ ਆਖਿਆ ਰਾਮਪਾਲ ਦੀ ਕਵਿਤਾ ਬੋਧਕ ਅਤੇ ਸੰਬੋਧਨ ਦੀ ਕਵਿਤਾ ਹੈ। ਡਾ. ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਕਵਿਤਾ ਪੂਰਨ ਸਿਰਜਣਾ ਕਰਦੀ ਹੈ। ਕਵਿਤਾ ਪਹਿਲਾਂ ਅੰਤਰਮੁਖੀ ਤੇ ਫਿਰ ਬਾਹਰਮੁਖੀ ਹੁੰਦੀ ਹੈ। ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਆਸ਼ਾਵਾਦੀ ਕਵਿਤਾ ਦੱਸਿਆ। ਕਹਾਣੀਕਾਰ ਪਵਨ ਪਰਿੰਦਾ ਨੇ ਵੀ ਵਿਚਾਰ ਪੇਸ਼ ਕੀਤੇ। ਬਾਅਦ ਵਿਚ ਡਾ. ਰਾਮਪਾਲ ਨੇ ਵਿਚਾਰਕਾਂ ਦੇ ਨੁਕਤਿਆਂ ਬਾਰੇ ਗੱਲ ਕੀਤੀ ਅਤੇ ਸਭਾ ਦੇ ਬਾਨੀ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਦੀ ਸੱਜਰੀ ਆਲੋਚਨਾ ਪੁਸਤਕ ਗੱਲ ਕਹਾਣੀਆਂ ਦੀ.. ਲੋਕ ਅਰਪਣ ਕੀਤੀ ਗਈ।

ਸਮਾਗਮ ਦੇ ਦੂਜੇ ਹਿੱਸੇ ਵਿੱਚ ਸਭਾ ਵਲੋ ਪ੍ਰੋ. ਗਿਆਨੀ ਦਿੱਤ ਸਿੰਘ ਪੱਤਰਕਾਰੀ ਪਹਿਲਾ ਸਨਮਾਨ ਰੋਜ਼ਾਨਾ ਚੜ੍ਹਦੀਕਲਾ ਟਾਈਮ ਟੀ ਵੀ ਦੇ ਬਿਊਰੋ ਚੀਫ ਅਤੇ ਸੀਨੀਅਰ ਪੱਤਰਕਾਰ ਬਘੇਲ ਸਿੰਘ ਧਾਲੀਵਾਲ ਨੂੰ ਭੇਟ ਕੀਤਾ ਗਿਆ। ਧਾਲੀਵਾਲ ਨੇ ਕਿਹਾ ਕਿ ਇਸ ਸਨਮਾਨ ਨਾਲ ਉਹਨਾਂ ਦੀ ਹੋਰ ਜਿੰਮੇਵਾਰੀ ਵੱਧ ਗਈ ਹੈ। ਉਹਨਾਂ ਇਹ ਵੀ ਕਿਹਾ ਕਿ ਹੁਣ ਮੈ ਹੋਰ ਵੀ ਦ੍ਰਿੜਤਾ ਨਾਲ ਆਪਣੇ ਫਰਜ਼ ਨਿਭਾਵਾਂਗਾ। ਇਸ ਮੌਕੇ ਸਭਾ ਵਲੋ ਸਬੰਧਤ ਸਖਸ਼ੀਅਤਾਂ ਸਨਮਾਨ ਚਿੰਨ, ਲੋਈ ਅਤੇ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨ ਕੀਤਾ ਗਿਆ। ਸਭਾ ਦੀ ਪ੍ਰਧਾਨਗੀ ਕਰ ਰਹੇ ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਵਿਜੇਤਾ ਸ਼ਾਇਰ ਤਰਸੇਮ ਨੇ ਕਿਹਾ ਕਿ ਸਭਾ ਦੀ ਭੂਮਿਕਾ ਅਹਿਮ ਹੈ ਜਿਹਨਾਂ ਨੇ ਪੱਤਰਕਾਰ ਸਨਮਾਨ ਦੇ ਕੇ ਨਵੀਂ ਪਿਰਤ ਪਾਈ ਹੈ। ਗੋਸ਼ਟੀ ਵਾਲੀ ਪੁਸਤਕ ਦੀ ਗੱਲ ਕਰਦਿਆਂ ਉਹਨਾਂ ਆਖਿਆ ਕਿ ਕਵਿਤਾ ਸੰਵੇਦਨਸ਼ੀਲ ਦਿਲ ਦੀ ਗੱਲ ਹੈ। ਹਨੇਰੇ ਤੋਂ ਚਾਨਣ ਵੱਲ ਲਿਜਾਣਾ ਕਵਿਤਾ ਦਾ ਹੁਨਰ ਹੁੰਦਾ ਹੈ। ਕਵੀ ਮਨੋਵਿਗਿਆਨੀ ਹੁੰਦਾ ਹੈ । ਸ਼ਹੀਦ ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਨੂੰ ਸਮਰਪਿਤ ਕਵੀ ਦਰਬਾਰ ਵਿਚ ਹਾਕਮ ਸਿੰਘ ਰੂੜੇਕੇ, ਰਾਮ ਸਰੂਪ ਸ਼ਰਮਾ, ਪਾਲ ਸਿੰਘ ਲਹਿਰੀ, ਮਨਦੀਪ ਕੁਮਾਰ, ਚਤਿੰਦਰ ਰੁਪਾਲ, ਪਰਮਜੀਤ ਸਿੰਘ ਰਾਜਗੜ੍ਹ, ਚਰਨ ਸਿੰਘ ਸਿੱਧੂ, ਉਜਾਗਰ ਸਿੰਘ ਮਾਨ, ਸਰੂਪ ਚੰਦ ਹਰੀਗੜ੍ਹ, ਨਰਿੰਦਰ ਕੌਰ ਸਿੱਧੂ ਆਦਿ ਨੇ ਹਿੱਸਾ ਲਿਆ। ਸਮਾਗਮ ਦਾ ਸੰਚਾਲਨ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਬਾਖ਼ੂਬੀ ਕੀਤਾ ਅਤੇ ਡਾ. ਸੋਹਣ ਸਿੰਘ ਮਾਝੀ ਨੇ ਸਭਨਾਂ ਦਾ ਧੰਨਵਾਦ ਕੀਤਾ। ਇਹਨਾਂ ਤੋਂ ਇਲਾਵਾ ਸੁਦਰਸ਼ਨ ਕੁਮਾਰ, ਬਲਜੀਤ ਸਿੰਘ ਸਿੱਧੂ, ਸਰਿਤਾ ਰਾਣੀ, ਸਰਜਿੰਦਰ ਸਿੰਘ, ਅਸ਼ੋਕ ਭਾਰਤੀ, ਮੇਜਰ ਸਿੰਘ ਗਿੱਲ, ਡਾ. ਬਲਵਿੰਦਰ ਕੌਰ, ਜੈਸਮੀਨ ਕੌਰ, ਰਾਮ ਸਿੰਘ ਬੀਹਲਾ, ਕਰਮਿੰਦਰ ਸਿੰਘ, ਜੁਪਿੰਦਰ ਸਿੰਘ, ਕੁਲਰੌਨਕ ਸਿੰਘ, ਅਮਜਦ ਖਾਨ, ਹਮੀਰ ਸਿੰਘ ਅਤੇ ਅਵਤਾਰ ਸਿੰਘ ਰਾਏਸਰ ਆਦਿ ਹਾਜ਼ਰ ਸਨ।

# ਕਿਸ਼ਨਪੁਰ ਦੇ ਇੰਦਰਪਾਲ ਸਿੰਘ ਢਿੱਲੋਂ ਨੇ ਵਧਾਇਆ ਇਲਾਕੇ ਦਾ ਮਾਣ: ਉਤਰਾਖੰਡ 'ਚ ਪੀਸੀਐਸ ਅਫ਼ਸਰ ਬਣਨ 'ਤੇ ਪਿੰਡ ਪਹੁੰਚਣ 'ਤੇ ਹੋਇਆ ਭਰਵਾਂ ਸਵਾਗਤ



**ਬਲਾਚੌਰ, 6ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਕਾਠਗੜ੍ਹ ਦੇ ਨੇੜੇ ਪਿੰਡ ਕਿਸ਼ਨਪੁਰ (ਭਰਥਲਾ ) ਦੇ ਨੌਜਵਾਨ ਇੰਦਰਪਾਲ ਸਿੰਘ ਢਿੱਲੋਂ ਪੁੱਤਰ ਚਰਨਜੀਤ ਸਿੰਘ ਢਿੱਲੋਂ ਨੇ ਉਤਰਾਖੰਡ ਵਿੱਚ ਪੀ.ਸੀ.ਐੱਸ. ਅਫ਼ਸਰ ਬਣ ਕੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮਾਣਮੱਤੀ ਪ੍ਰਾਪਤੀ ਤੋਂ ਬਾਅਦ ਪਿੰਡ ਪਹੁੰਚਣ 'ਤੇ ਇੰਦਰਪਾਲ ਸਿੰਘ ਢਿੱਲੋਂ ਦਾ ਪਿੰਡ ਵਾਸੀਆਂ ਵੱਲੋਂ ਗੁਰਦੁਆਰਾ ਸਿੰਘ ਸਭਾ ਭਰਥਲਾ ਵਿਖੇ ਬਹੁਤ ਹੀ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਖ਼ੁਸ਼ੀ ਦੇ ਮੌਕੇ 'ਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਅਜੇ ਮੰਗੂਪੁਰ ਅਤੇ ਬਲਾਕ ਸੰਮਤੀ ਦੇ ਚੇਅਰਮੈਨ ਨਾਨਕ ਸਿੰਘ ਜੰਡੀ ਨੇ ਉੱਚੇਚੇ ਤੌਰ 'ਤੇ ਹਾਜ਼ਰੀ ਭਰ ਕੇ ਨੌਜਵਾਨ ਦਾ ਹੌਸਲਾ ਵਧਾਇਆ ਅਤੇ ਮੁਬਾਰਕਬਾਦ ਦਿੱਤੀ। ਸਮਾਗਮ ਦੌਰਾਨ ਹਾਜ਼ਰ ਸਖ਼ਸ਼ੀਅਤਾਂ ਵੱਲੋਂ ਹੋਣਹਾਰ ਨੌਜਵਾਨ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਿਰਪਾਓ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਹ ਸਾਰਾ ਸਨਮਾਨ ਸਮਾਰੋਹ ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਧਰਮਪਾਲ ਭਰਥਲਾ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਬੜੀ ਰੀਝ ਨਾਲ ਕਰਵਾਇਆ ਗਿਆ । ਇਸ ਪ੍ਰਭਾਵਸ਼ਾਲੀ ਇਕੱਠ ਵਿੱਚ ਇਲਾਕੇ ਦੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਡਾਕਟਰ ਮਨਜੀਤ ਸਿੰਘ ਪਨੇਸਰ, ਘੋਲਾ ਕਿਸ਼ਨਪੁਰ, ਸੂਬੇਦਾਰ ਕੇਵਲ ਸਿੰਘ, ਬਲਵੰਤ ਸਿੰਘ, ਜਗਜੀਤ ਸਿੰਘ ਬੱਗਾ, ਨੰਬਰਦਾਰ ਧਰਮਪਾਲ,ਫੌਜੀ ਸੁਰਜੀਤ ਸਿੰਘ ਪਵਾਰ, ਕੋਚ ਰਮਨਦੀਪ, ਧਰਮ ਚੰਦ, ਜਸਪ੍ਰੀਤ ਸਿੰਘ ਅਤੇ ਯੂਥ ਕਾਂਗਰਸ ਹਲਕਾ ਬਲਾਚੌਰ ਦੇ ਪ੍ਰਧਾਨ ਨਿਰਮਲ ਸਿੰਘ ਨਿੰਮਾ ਸ਼ਾਮਲ ਸਨ। ਇਸ ਤੋਂ ਇਲਾਵਾ ਜ਼ੋਰਾਵਰ ਸਿੰਘ ਸਰਪੰਚ, ਇਕਬ-ਾਲ ਸਿੰਘ ਬਿੱਲਾਂ, ਸੂਬੇਦਾਰ ਗੁਰਬਖਸ਼ ਸਿੰਘ, ਕਿਸ਼ਨਪੁਰ ਦੇ ਸਰਪੰਚ ਨਰੇਸ਼ ਕੁਮਾਰ, ਸਾਬਕਾ ਸਰਪੰਚ ਪਿਆਰੇ ਲਾਲ, ਸੁਰਿੰਦਰ ਕੁਮਾਰ ਪੰਚ,ਸੈਕਟਰੀ ਰਘਵੀਰ ਸਿੰਘ ਉੱਪਲ, ਪ੍ਰਧਾਨ ਸੰਦੇਸ਼ ਰਾਜ, ਸ਼ਿਵਮ ਸ਼ਰਮਾ ਅਤੇ ਡਾਕਟਰ ਸੁਰਜੀਤ ਸਿੰਘ ਭਰਥਲਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਪਹੁੰਚ ਕੇ ਨੌਜਵਾਨ ਇੰਦਰਪਾਲ ਸਿੰਘ ਦੀ ਇਸ ਵੱਡੀ ਸਫ਼ਲਤਾ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ।

# ਇੱਕ ਮਸਤ ਮੌਲਾ ਫ਼ਕੀਰ ਤੇ ਕੁਦਰਤ ਦਾ ਪੁੱਤ ਸੀ ਜਗਦੇਵ ਕਾਮਰੇਡ

ਪਿੰਡਾਂ ਦੀ ਧਰਤੀ ਉੱਤੇ ਕੁਝ ਅਜਿਹੇ ਇਨਸਾਨ ਜਨਮ ਲੈਂਦੇ ਹਨ, ਜੋ ਨਾ ਕਿਸੇ ਅਹੁਦੇ ਦੇ ਮੋਹਤਾਜ ਹੁੰਦੇ ਹਨ, ਨਾ ਦੌਲਤ ਦੇ ਅਤੇ ਨਾ ਹੀ ਸ਼ੋਹਰਤ ਦੇ। ਉਹ ਆਪਣੇ ਸਾਦੇ ਜੀਵਨ, ਉੱਚੇ ਕਿਰਦਾਰ ਅਤੇ ਸਵੈਮਾਣ ਨਾਲ ਲੋਕਾਂ ਦੇ ਦਿਲਾਂ ਵਿੱਚ ਅਜਿਹੀ ਥਾਂ ਬਣਾ ਲੈਂਦੇ ਹਨ, ਜਿੱਥੇ ਵੱਡੇ-ਵੱਡੇ ਅਮੀਰ ਅਤੇ ਅਧਿਕਾਰੀ ਵੀ ਨਹੀਂ ਪਹੁੰਚ ਸਕਦੇ। ਅਜਿਹੀ ਹੀ ਇੱਕ ਸ਼ਖ਼ਸੀਅਤ ਸਨ ਜਗਦੇਵ ਸਿੰਘ, ਜਿਨ੍ਹਾਂ ਨੂੰ ਪਿੰਡ ਦੇ ਲੋਕ ਪਿਆਰ ਨਾਲ "ਜਗਦੇਵ ਕਾਮਰੇਡ" ਕਹਿ ਕੇ ਬੁਲਾਉਂਦੇ ਸਨ।

ਜ਼ਿਲ੍ਹਾ ਮਾਨਸਾ ਦੇ ਪਿੰਡ ਫਤਿਹਗੜ੍ਹ ਸਾਹਨੇਵਾਲੀ ਦਾ ਇਹ ਸਾਦਾ-ਸੁਭਾਅ ਇਨਸਾਨ ਆਪਣੀ ਪੂਰੀ ਉਮਰ ਇਕੱਲਤਾ ਵਿੱਚ ਰਿਹਾ, ਪਰ ਉਸ ਦੀ ਇਕੱਲਤਾ ਕਦੇ ਵੀ ਉਸ ਦੀ ਕਮਜ਼ੋਰੀ ਨਹੀਂ ਬਣੀ। ਉਸ ਨੇ ਆਪਣੇ ਛੋਟੇ ਜਿਹੇ ਘਰ ਨੂੰ ਪਿਆਰ ਦਾ ਆਲ੍ਹਣਾ ਬਣਾ ਲਿਆ ਸੀ। ਉੱਥੇ ਕੁੱਤੇ, ਬਿੱਲੀਆਂ, ਕਬੂਤਰ ਅਤੇ ਹੋਰ ਪੰਛੀ ਉਸ ਦੇ ਪਰਿਵਾਰ ਦਾ ਹਿੱਸਾ ਸਨ। ਉਹ ਬੋਲ ਨਹੀਂ ਸਕਦੇ ਸਨ, ਪਰ ਉਨ੍ਹਾਂ ਦਾ ਪਿਆਰ ਅਤੇ ਵਫ਼ਾਦਾਰੀ ਜਗਦੇਵ ਕਾਮਰੇਡ ਦੀ ਜ਼ਿੰਦਗੀ ਨੂੰ ਰੌਣਕਾਂ ਨਾਲ ਭਰ ਦਿੰਦੇ ਸਨ।

ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਗਹਿਣਾ ਉਸ ਦਾ ਸਵੈਮਾਣ ਸੀ। ਉਸ ਨੇ ਸਾਰੀ ਉਮਰ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਰੁੱਖੀ-ਮਿੱਸੀ ਰੋਟੀ ਖਾਧੀ। ਨਾ ਕਿਸੇ ਦੀ ਚਾਪਲੂਸੀ ਕੀਤੀ, ਨਾ ਕਿਸੇ ਅੱਗੇ ਹੱਥ ਅੱਡਿਆ ਅਤੇ ਨਾ ਹੀ ਕਿਸੇ ਦੀ ਮਿਹਰਬਾਨੀ 'ਤੇ ਆਪਣਾ ਜੀਵਨ ਟਿਕਾਇਆ। ਉਹ ਮੰਨਦਾ ਸੀ ਕਿ ਮਿਹਨਤ ਦੀ ਕਮਾਈ ਨਾਲ ਮਿਲੀ ਸੁੱਕੀ ਰੋਟੀ ਵੀ ਉਸ ਭੋਜਨ ਨਾਲੋਂ ਕਿਤੇ ਵਧੀਆ ਹੈ ਜੋ ਕਿਸੇ ਅੱਗੇ ਹੱਥ ਫੈਲਾ ਕੇ ਮਿਲੇ।

ਅੱਜ ਦੇ ਸਮੇਂ ਵਿੱਚ, ਜਦੋਂ ਬਹੁਤ ਸਾਰੇ ਲੋਕ ਛੋਟੀ-ਛੋਟੀ ਮੁਸ਼ਕਲਾਂ ਵਿੱਚ ਵੀ ਦੂਜਿਆਂ ਦਾ ਸਹਾਰਾ ਲੱਭਦੇ ਹਨ, ਜਗਦੇਵ ਕਾਮਰੇਡ ਨੇ ਆਪਣੀ ਜ਼ਿੰਦਗੀ ਨਾਲ ਇਹ ਸਾਬਤ ਕੀਤਾ ਕਿ ਇਨਸਾਨ ਦੀ ਅਸਲ ਦੌਲਤ ਉਸ ਦੀ ਮਿਹਨਤ, ਇਮਾਨਦਾਰੀ ਅਤੇ ਆਤਮ-ਸਨਮਾਨ ਹੁੰਦੀ ਹੈ। ਉਸ ਨੇ ਕਦੇ ਗ਼ਰੀਬੀ ਨੂੰ ਆਪਣੀ ਬੇਬਸੀ ਨਹੀਂ ਬਣਨ ਦਿੱਤਾ। ਸਾਦੇ ਕੱਪੜੇ, ਸਾਦਾ ਖਾਣਾ ਅਤੇ ਸਾਦਾ ਰਹਿਣ-ਸਹਿਣ ਹੀ ਉਸ ਦੀ ਸ਼ਾਨ ਸੀ। ਉਸ ਦੇ ਘਰ ਦਾ ਦਰਵਾਜ਼ਾ ਹਮੇਸ਼ਾਂ ਖੁੱਲ੍ਹਾ ਰਹਿੰਦਾ ਸੀ। ਜੇ ਕੋਈ ਭੁੱਖਾ ਪੰਛੀ ਆ ਜਾਂਦਾ ਜਾਂ ਕੋਈ ਲਾਵਾਰਿਸ ਕੁੱਤਾ ਉਸ ਦੇ ਦਰ 'ਤੇ ਆ ਖੜ੍ਹਦਾ, ਤਾਂ ਉਹ ਉਸ ਨੂੰ ਆਪਣੇ ਹਿੱਸੇ ਦੀ ਰੋਟੀ ਵਿੱਚੋਂ ਵੀ ਹਿੱਸਾ ਦੇ ਦਿੰਦਾ। ਸ਼ਾਇਦ ਇਸੇ ਕਰਕੇ ਉਸ ਦੇ ਆਲੇ-ਦੁਆਲੇ ਹਮੇਸ਼ਾਂ ਜੀਵਨ ਦੀ ਚਹਿਲ-ਪਹਿਲ ਰਹਿੰਦੀ ਸੀ। ਜਿਨ੍ਹਾਂ ਨੂੰ ਸਮਾਜ ਬੇਜ਼ੁਬਾਨ ਕਹਿੰਦਾ ਹੈ, ਉਹ ਜਗਦੇਵ ਕਾਮਰੇਡ ਦੀ ਭਾਸ਼ਾ ਸਮਝਦੇ ਸਨ।

ਉਸ ਦਾ ਘਰ ਵੀ ਉਸ ਵਾਂਗ ਸਾਦਾ ਸੀ। ਚੁੱਲ੍ਹੇ ਵਿੱਚ ਅੱਗ ਮਚਾਉਣ ਲਈ ਉਹ ਅਕਸਰ ਪਿੰਡ ਦੀਆਂ ਗਲੀਆਂ, ਖੇਤਾਂ ਦੇ ਕਿਨਾਰਿਆਂ ਜਾਂ ਰੁੱਖਾਂ ਹੇਠੋਂ ਨਿੱਕੇ-ਮੋਟੇ ਡੱਕੇ, ਸੁੱਕੀਆਂ ਟਾਹਣੀਆਂ ਅਤੇ ਲੱਕੜੀ ਦੇ ਟੋਟੇ



ਇਕੱਠੇ ਕਰਦਾ ਰਹਿੰਦਾ ਸੀ। ਉਸ ਲਈ ਇਹ ਕੋਈ ਮਜਬੂਰੀ ਨਹੀਂ ਸੀ; ਇਹ ਉਸ ਦੀ ਜੀਵਨ-ਸ਼ੈਲੀ ਦਾ ਹਿੱਸਾ ਸੀ। ਉਹ ਕੁਦਰਤ ਤੋਂ ਓਨਾ ਹੀ ਲੈਂਦਾ ਸੀ, ਜਿੰਨੀ ਉਸ ਨੂੰ ਲੋੜ ਹੁੰਦੀ ਸੀ।

ਪਿੰਡ ਦੇ ਲੋਕ ਉਸ ਨੂੰ "ਕਾਮ-ਰੇਡ" ਕਹਿੰਦੇ ਸਨ। ਇਹ ਨਾਮ ਸਿਰਫ਼ ਇੱਕ ਸੰਬੋਧਨ ਨਹੀਂ ਸੀ, ਸਗੋਂ ਉਸ ਦੇ ਸੁਭਾਅ ਦੀ ਪਛਾਣ ਸੀ। ਉਹ ਬਰਾਬਰੀ, ਸੱਚਾਈ ਅਤੇ ਮਿਹਨਤ ਦੀ ਇੱਜ਼ਤ ਕਰਨ ਵਾਲਾ ਇਨਸਾਨ ਸੀ। ਉਹ ਹਰ ਕਿਸੇ ਨਾਲ ਇੱਕੋ ਜਿਹਾ ਵਰਤਾਅ ਕਰਦਾ ਸੀ। ਉਸ ਲਈ ਕੋਈ ਅਮੀਰ ਜਾਂ ਗਰੀਬ ਨਹੀਂ ਸੀ; ਹਰ ਇਨਸਾਨ ਸਤਿਕਾਰ ਦਾ ਹੱਕਦਾਰ ਸੀ।

ਉਸ ਦੀ ਮਸਤ-ਮੌਲਾ ਜ਼ਿੰਦਗੀ ਨੇ ਲੋਕਾਂ ਨੂੰ ਇਹ ਵੀ ਸਿਖਾਇਆ ਕਿ ਖ਼ੁਸ਼ੀ ਮਹਿੰਗੀਆਂ ਚੀਜ਼ਾਂ ਵਿੱਚ ਨਹੀਂ, ਸਗੋਂ ਮਨ ਦੀ ਸੰਤੁਸ਼ਟੀ ਵਿੱਚ ਹੁੰਦੀ ਹੈ। ਉਹ ਬਿਨਾਂ ਕਿਸੇ ਸ਼ਿਕਾਇਤ ਦੇ ਜ਼ਿੰਦਗੀ ਜਿਉਂਦਾ ਰਿਹਾ। ਨਾ ਉਸ ਨੇ ਕਦੇ ਕਿਸਮਤ ਨੂੰ ਕੋਸਿਆ, ਨਾ ਹਾਲਾਤਾਂ ਨੂੰ। ਜੋ ਕੁਝ ਮਿਲਿਆ, ਉਸੇ ਵਿੱਚ ਰੱਜ ਕੇ ਜੀਵਨ ਬਤੀਤ ਕੀਤਾ।

ਪਿੰਡ ਦੇ ਬਜ਼ੁਰਗ ਦੱਸਦੇ ਹਨ ਕਿ ਜਗਦੇਵ ਕਾਮਰੇਡ ਨੇ ਕਦੇ ਵੀ ਕਿਸੇ ਦੇ ਦਰਵਾਜ਼ੇ 'ਤੇ ਜਾ ਕੇ ਮਦਦ ਨਹੀਂ ਮੰਗੀ। ਜਿੰਨਾ ਚਿਰ ਸਰੀਰ ਵਿੱਚ ਤਾਕਤ ਰਹੀ, ਉਹ ਮਿਹਨਤ ਕਰਦਾ ਰਿਹਾ। ਜਦੋਂ ਉਮਰ ਨੇ ਸਾਥ ਛੱਡਣਾ ਸ਼ੁਰੂ ਕੀਤਾ, ਉਦੋਂ ਵੀ ਉਸ ਨੇ ਆਪਣਾ ਸਵੈਮਾਣ ਨਹੀਂ ਛੱਡਿਆ। ਮਰਦੇ ਦਮ ਤੱਕ ਉਸ ਨੇ ਕਿਸੇ ਮੂਹਰੇ ਹੱਥ ਨਹੀਂ ਅੱਡਿਆ। ਇਹੀ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਸੀ।

ਉਸ ਦੀ ਜ਼ਿੰਦਗੀ ਵਿੱਚ ਇੱਕ ਅਜਿਹਾ ਭੇਤ ਵੀ ਸੀ, ਜਿਸ ਬਾਰੇ ਪਿੰਡ ਦੇ ਬਜ਼ੁਰਗ ਅੱਜ ਵੀ ਗੱਲ ਕਰਦੇ ਹਨ। ਇੱਕ ਵਾਰ ਉਹ ਬਿਨਾਂ ਕਿਸੇ ਨੂੰ ਕੁਝ ਦੱਸੇ ਪਿੰਡ ਵਿੱਚੋਂ ਕਿਤੇ ਚਲਾ ਗਿਆ। ਕਿਸੇ ਨੂੰ ਪਤਾ ਨਾ ਲੱਗਿਆ ਕਿ ਉਹ ਕਿੱਥੇ ਗਿਆ, ਕਿਵੇਂ ਰਿਹਾ ਅਤੇ ਕਿਹੜੀਆਂ ਹਾਲਤਾਂ ਵਿੱਚ ਜਿਉਂਦਾ ਰਿਹਾ। ਸਮਾਂ ਲੰਘਦਾ ਗਿਆ। ਸਾਲ ਬੀਤਦੇ ਗਏ। ਲੋਕਾਂ ਨੇ ਮੰਨ ਲਿਆ ਕਿ ਸ਼ਾਇਦ ਹੁਣ ਉਹ ਕਦੇ ਨਹੀਂ ਮੁੜੇਗਾ। ਪਰ ਲਗਭਗ ਦਸ ਸਾਲਾਂ ਬਾਅਦ ਇੱਕ ਦਿਨ ਉਹ ਫਿਰ ਪਿੰਡ ਦੀਆਂ ਗਲੀਆਂ ਵਿੱਚ ਦਿਖਾਈ ਦਿੱਤਾ। ਨਾ ਉਸ ਨੇ ਆਪਣੇ ਜਾਣ ਦਾ ਕਾਰਨ ਦੱਸਿਆ, ਨਾ ਵਾਪਸੀ ਦਾ। ਉਹ ਚੁੱਪਚਾਪ ਆਇਆ ਅਤੇ ਪਹਿਲਾਂ ਵਾਂਗ ਆਪਣੀ ਮਸਤ-ਮੌਲਾ ਜ਼ਿੰਦਗੀ ਵਿੱਚ ਰੁੱਝ ਗਿਆ। ਜਿਵੇਂ ਜ਼ਿੰਦਗੀ ਦੇ ਕੁਝ ਸਫ਼ੇ ਉਸ ਨੇ ਸਿਰਫ਼ ਆਪਣੇ ਲਈ ਹੀ ਲਿਖੇ ਹੋਣ।

ਅੱਜ ਜਦੋਂ ਅਸੀਂ ਜਗਦੇਵ ਕਾਮਰੇਡ ਨੂੰ ਯਾਦ ਕਰਦੇ ਹਾਂ, ਤਾਂ ਕੇਵਲ ਇੱਕ ਵਿਅਕਤੀ ਨਹੀਂ, ਸਗੋਂ ਇੱਕ ਵਿਚਾਰ ਨੂੰ ਯਾਦ ਕਰਦੇ ਹਾਂ ਉਹ ਵਿਚਾਰ ਕਿ ਇਨਸਾਨ ਦੀ ਅਸਲ ਪੂੰਜੀ ਉਸ ਦਾ ਚਰਿੱਤਰ ਹੈ। ਘਰ ਛੋਟਾ ਹੋ ਸਕਦਾ ਹੈ, ਜੇਬ ਖਾਲੀ ਹੋ ਸਕਦੀ ਹੈ, ਪਰ ਜੇ ਦਿਲ ਵੱਡਾ ਹੋਵੇ ਅਤੇ ਸਵੈਮਾਣ ਜਿਉਂਦਾ ਹੋਵੇ, ਤਾਂ ਉਹ ਇਨਸਾਨ ਸਮਾਜ ਦਾ ਸਭ ਤੋਂ ਅਮੀਰ ਇਨਸਾਨ ਹੁੰਦਾ ਹੈ।

ਜਗਦੇਵ ਕਾਮਰੇਡ ਵਰਗੇ ਲੋਕ ਇਤਿਹਾਸ ਦੀਆਂ ਕਿਤਾਬਾਂ ਵਿੱਚ ਭਾਵੇਂ ਦਰਜ ਨਾ ਹੋਣ, ਪਰ ਲੋਕਾਂ ਦੀਆਂ ਯਾਦਾਂ ਵਿੱਚ ਉਹ ਹਮੇਸ਼ਾਂ ਜਿਉਂਦੇ ਰਹਿੰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਸਾਨੂੰ ਇਹ ਸਿੱਖਿਆ ਦਿੰਦੀ ਹੈ ਕਿ ਮਿਹਨਤ, ਸਾਦਗੀ, ਇਨਸਾਨੀਅਤ ਅਤੇ ਸਵੈਮਾਣ ਹੀ ਮਨੁੱਖ ਦੀ ਸਭ ਤੋਂ ਵੱਡੀ ਵਿਰਾਸਤ ਹਨ।

ਜਗਦੇਵ ਕਾਮਰੇਡ ਹੁਣ ਭਾਵੇਂ ਇਸ ਦੁਨੀਆ ਵਿੱਚ ਨਹੀਂ ਹੈ, ਪਰ ਉਨ੍ਹਾਂ ਦੀ ਜ਼ਿੰਦਗੀ ਇਹ ਸੁਨੇਹਾ ਹਮੇਸ਼ਾਂ ਦਿੰਦੀ ਰਹੇਗੀ ਕਿ "ਇੱਜ਼ਤ ਨਾਲ ਜੀਉਣਾ ਹੀ ਸਭ ਤੋਂ ਵੱਡੀ ਦੌਲਤ ਹੈ, ਅਤੇ ਦਸਾਂ ਨਹੁੰਆਂ ਦੀ ਕਿਰਤ ਨਾਲ ਖਾਧੀ ਰੁੱਖੀ-ਮਿੱਸੀ ਰੋਟੀ ਕਿਸੇ ਦੀ ਖੈਰਾਤ ਨਾਲੋਂ ਹਜ਼ਾਰਾਂ ਗੁਣਾ ਮਿੱਠੀ ਹੁੰਦੀ ਹੈ।"

**ਮਨਜੀਤ ਮਾਨ**
**ਮੋਬਾਈਲ**
**7009898044**

# ਸ਼ਿਮਲਾ 'ਚ ਪੱਤਰਕਾਰਾਂ ਨਾਲ ਅਭਦਰ ਵਿਵਹਾਰ ਲੋਕਤੰਤਰ ਲਈ ਖ਼ਤਰਨਾਕ : ਸ਼ਾਂਤੀ ਗੌਤਮ

**ਚੰਡੀਗੜ੍ਹ/ਗੁਰਬਿੰਦਰ ਗੁਰੀ**
ਸ਼ਿਮਲਾ ਵਿਖੇ ਸੰਵਾਦ ਭਾਰਤ ਦੇ ਪੱਤਰਕਾਰਾਂ ਨਾਲ ਕਾਂਗਰਸ ਦਫ਼ਤਰ ਵਿੱਚ ਕਾਂਗਰਸ ਅਹੁਦੇਦਾਰਾਂ ਵੱਲੋਂ ਕੀਤੇ ਗਏ ਅਭਦਰ ਵਿਵਹਾਰ ਅਤੇ ਬਦਸਲੂਕੀ ਦੇ ਮਾਮਲੇ ਨੇ ਪੱਤਰਕਾਰ ਭਾਈਚਾਰੇ ਵਿੱਚ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਘਟਨਾ ਨੂੰ ਲੋਕਤੰਤਰ ਅਤੇ ਪੱਤਰਕਾਰਤਾ ਦੀ ਆਜ਼ਾਦੀ ਉੱਤੇ ਸਿੱਧਾ ਹਮਲਾ ਕਰਾਰ ਦਿੰਦਿਆਂ ਮੀਡੀਆ ਕਾਊਂਸਲ ਆਫ ਜਰਨਲਿ-ਸਟਸ ਦੇ ਰਾਸ਼ਟਰੀ ਉਪ ਪ੍ਰਧਾਨ ਸ਼ਾਂਤੀ ਗੌਤਮ,ਗੁਰਬਿੰਦਰ ਗੁਰੀ ਨੇ ਇਸ ਦੀ ਤਿੱਖੀ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਸ਼ਾਂਤੀ ਗੌਤਮ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਸੁਤੰਤਰ ਅਤੇ ਨਿਰਪੱਖ ਪੱਤਰਕਾਰਤਾ ਬਹੁਤ ਜ਼ਰੂਰੀ ਹੈ। ਪੱਤਰਕਾਰਾਂ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ, ਜੋ ਲੋਕਾਂ ਤੱਕ ਸੱਚਾਈ ਅਤੇ ਤੱਥ ਪਹੁੰਚਾਉਣ ਦਾ ਮਹੱਤਵਪੂਰਨ ਕੰਮ ਕਰਦੇ ਹਨ। ਜੇਕਰ ਪੱਤਰਕਾਰਾਂ ਨੂੰ ਆਪਣੀ ਡਿਊਟੀ ਨਿਭਾਉਣ ਦੌਰਾਨ ਡਰਾਇਆ-ਧਮਕਾਇਆ ਜਾਂਦਾ ਹੈ



ਜਾਂ ਉਨ੍ਹਾਂ ਨਾਲ ਦਬਾਅ ਅਤੇ ਅਪਮਾਨ ਵਾਲਾ ਵਿਵਹਾਰ ਕੀਤਾ



ਜਾਂਦਾ ਹੈ, ਤਾਂ ਇਹ ਅਭਿਵਿਅਕਤੀ ਦੀ ਆਜ਼ਾਦੀ ਉੱਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਦੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣਾ ਹਰ ਸਰਕਾਰ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਕਿਸੇ ਵੀ ਸਥਿਤੀ ਵਿੱਚ ਮੀਡੀਆ ਕਰਮੀਆਂ ਨਾਲ ਬਦਸਲੂਕੀ ਜਾਂ ਦੁਰਵਿਵਹਾਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਮੀਡੀਆ ਕਾਊਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਉਪ ਪ੍ਰਧਾਨ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ, ਪਾਰਦਰਸ਼ੀ ਅਤੇ ਗੰਭੀਰਤਾ ਨਾਲ ਜਾਂਚ ਕਰਵਾਈ ਜਾਵੇ ਅਤੇ ਜਿਹੜੇ ਵੀ ਲੋਕ ਇਸ ਘਟਨਾ ਲਈ ਜ਼ਿੰਮੇਵਾਰ ਹਨ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ।
ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਅਸਹਿਮਤੀ ਦਾ ਸਤਿਕਾਰ ਕਰਨਾ ਅਤੇ ਸੁਤੰਤਰ ਪੱਤਰਕਾਰਤਾ ਦੀ ਰੱਖਿਆ ਕਰਨਾ ਹਰ ਸਰਕਾਰ ਦਾ ਫਰਜ਼ ਹੈ, ਕਿਉਂਕਿ ਮਜ਼ਬੂਤ ਲੋਕਤੰਤਰ ਦੀ ਨੀਂਹ ਆਜ਼ਾਦ ਅਤੇ ਨਿਰਭੈ ਮੀਡੀਆ ਉੱਤੇ ਟਿਕੀ ਹੁੰਦੀ ਹੈ।

# ਡਿਜੀਟਲ ਨਸ਼ਾ ਅਤੇ ਵਧਦਾ ਸਕ੍ਰੀਨ ਟਾਈਮ: ਬਿਮਾਰੀ ਦੇ ਚੌਰਾਹੇ 'ਤੇ ਖੜ੍ਹੀ ਨੌਜਵਾਨੀ...

ਅੱਜ ਦੇ ਆਧੁਨਿਕ ਅਤੇ ਵਿਗਿਆਨਕ ਯੁੱਗ ਵਿੱਚ ਤਕਨਾਲੋਜੀ ਨੇ ਜਿੱਥੇ ਮਨੁੱਖੀ ਜ਼ਿੰਦਗੀ ਦੀ ਰਫ਼ਤਾਰ ਨੂੰ ਤੇਜ਼ ਕੀਤਾ ਹੈ ਅਤੇ ਕਈ ਅਸੰਭਵ ਕੰਮਾਂ ਨੂੰ ਸੰਭਵ ਬਣਾਇਆ ਹੈ, ਉੱਥੇ ਹੀ ਇਸ ਦੇ ਅੰਧਾਧੁੰਦ ਅਤੇ ਬੇਲੋੜੇ ਪ੍ਰਯੋਗ ਨੇ ਇੱਕ ਨਵੀਂ ਅਤੇ ਭਿਆਨਕ ਸਮੱਸਿਆ ਨੂੰ ਜਨਮ ਦਿੱਤਾ ਹੈ—'ਡਿਜੀਟਲ ਨਸ਼ਾ'। ਅੱਜ ਦੀ ਨੌਜਵਾਨ ਪੀੜ੍ਹੀ ਦਾ ਇੱਕ ਬਹੁਤ ਵੱਡਾ ਹਿੱਸਾ ਸੋਸ਼ਲ ਮੀਡੀਆ, 15-ਸੈਕੰਡਾਂ ਦੀਆਂ ਰੀਲਾਂ, ਆਨਲਾਈਨ ਗੇਮਾਂ ਅਤੇ ਵੀਡੀਓਜ਼ ਦੀ ਅਜਿਹੀ ਦਲਦਲ ਵਿੱਚ ਫਸ ਚੁੱਕਾ ਹੈ, ਜਿੱਥੋਂ ਨਿਕਲਣਾ ਹੁਣ ਉਨ੍ਹਾਂ ਦੇ ਆਪਣੇ ਵੱਸ ਵਿੱਚ ਨਹੀਂ ਰਿਹਾ। ਸਵੇਰੇ ਉੱਠਣ ਸਾਰ ਸਭ ਤੋਂ ਪਹਿਲਾਂ ਮੋਬਾਈਲ ਦੀ ਸਕ੍ਰੀਨ ਦੇਖਣਾ ਅਤੇ ਰਾਤ ਨੂੰ ਸੌਣ ਵੇਲੇ ਅੱਖਾਂ ਬੰਦ ਹੋਣ ਤੱਕ ਫੋਨ ਸਕ੍ਰੋਲ ਕਰਦੇ ਰਹਿਣਾ ਹੁਣ ਸਿਰਫ਼ ਇੱਕ ਆਦਤ ਨਹੀਂ, ਬਲਕਿ ਇੱਕ ਗੰਭੀਰ ਮਾਨਸਿਕ ਅਤੇ ਸਰੀਰਕ ਬਿਮਾਰੀ ਦਾ ਰੂਪ ਧਾਰਨ ਕਰ ਚੁੱਕਾ ਹੈ।ਸਰੀਰਕ ਸਿਹਤ 'ਤੇ ਮਾਰੂ ਪ੍ਰਭਾਵਲਗਾਤਾਰ ਵਧ ਰਹੇ ਸਕ੍ਰੀਨ ਟਾਈਮ ਨੇ ਨੌਜਵਾਨਾਂ ਦੀ ਸਰੀਰਕ ਸਰਗਰਮੀ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ। ਪੁਰਾਣੇ ਸਮਿਆਂ ਵਿੱਚ ਨੌਜਵਾਨ ਸ਼ਾਮ ਵੇਲੇ ਖੇਡ ਮੈਦਾਨਾਂ ਵਿੱਚ ਪਸੀਨਾ ਵਹਾਉਂਦੇ ਸਨ, ਪਰ ਅੱਜ ਦੀ ਜਵਾਨੀ ਚਾਰ ਦੀਵਾਰੀ ਦੇ ਅੰਦਰ, ਬੰਦ ਕਮਰਿਆਂ ਵਿੱਚ ਫੋਨਾਂ 'ਤੇ 'ਪਬਜੀ' ਜਾਂ ਹੋਰ ਹਿੰਸਕ ਵੀਡੀਓ ਗੇਮਾਂ ਖੇਡਣ ਵਿੱਚ ਮਸਤ ਹੈ। ਸਰੀਰਕ ਹਿਲਜੁਲ ਨਾ ਹੋਣ ਕਾਰਨ ਨੌਜਵਾਨ ਬਹੁਤ ਛੋਟੀ ਉਮਰ ਵਿੱਚ ਹੀ ਮੋਟਾਪੇ ਅਤੇ ਸ਼ੂਗਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।ਦੇਰ ਰਾਤ ਤੱਕ ਮੋਬਾਈਲ ਫੋਨਾਂ ਦੀ ਵਰਤੋਂ ਕਰਨ ਨਾਲ ਨੌਜਵਾਨਾਂ ਦੀਆਂ ਅੱਖਾਂ 'ਤੇ ਬੁਰਾ ਅਸਰ ਪੈ ਰਿਹਾ ਹੈ। ਫੋਨ ਦੀ ਸਕ੍ਰੀਨ ਵਿੱਚੋਂ ਨਿਕਲਣ ਵਾਲੀ ਨੀਲੀ ਰੌਸ਼ਨੀ ਸਰੀਰ ਵਿੱਚ ਨੀਂਦ ਲਿਆਉਣ ਵਾਲੇ ਹਾਰਮੋਨ 'ਮੈਲਾਟੋਨਿਨ' ਦੇ ਉਤਪਾਦਨ ਨੂੰ ਰੋਕਦੀ ਹੈ, ਜਿਸ ਕਾਰਨ ਨੀਂਦ ਨਾ ਆਉਣ ਦੀ ਬਿਮਾਰੀ ਆਮ ਹੋ ਗਈ ਹੈ। ਇਸ ਤੋਂ ਇਲਾਵਾ, ਲਗਾਤਾਰ ਕਈ ਘੰਟੇ ਇੱਕੋ ਪੋਜੀਸ਼ਨ ਵਿੱਚ ਧੌਣ ਝੁਕਾ ਕੇ ਫੋਨ ਚਲਾਉਣ ਨਾਲ ਰੀੜ੍ਹ ਦੀ ਹੱਡੀ ਦਾ ਨੁਕਸਾਨ ਹੋ ਰਿਹਾ ਹੈ, ਜਿਸ ਨੂੰ ਮੈਡੀਕਲ ਵਿਗਿਆਨ ਵਿੱਚ 'ਟੈਕਸਟ ਨੈੱਕ' ਸਿੰਡਰੋਮ ਕਿਹਾ ਜਾਂਦਾ ਹੈ। ਹੱਥਾਂ ਦੀਆਂ ਉਂਗਲਾਂ ਅਤੇ ਗੁੱਟ ਵਿੱਚ ਦਰਦ ਦੀਆਂ ਸ਼ਿਕਾਇਤਾਂ ਹੁਣ ਆਮ ਸੁਣਨ ਨੂੰ ਮਿਲਦੀਆਂ ਹਨ।ਮਾਨਸਿਕ ਸਿਹਤ ਲਈ ਵੱਡਾ ਖ਼ਤਰਾਸਰੀਰਕ ਪੱਖੋਂ ਵੀ ਵੱਧ, ਇਹ ਡਿਜੀਟਲ ਨਸ਼ਾ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਖੋਖਲਾ ਕਰ ਰਿਹਾ ਹੈ। ਅੱਜ ਦੇ ਦੌਰ ਵਿੱਚ ਸੋਸ਼ਲ ਮੀਡੀਆ 'ਤੇ ਮਿਲਣ ਵਾਲੇ 'ਲਾਈਕਸ' ,ਕੁਮੈਂਟਸ' ਅਤੇ 'ਸ਼ੇਅਰ'ਨੌਜਵਾਨਾਂ ਦੀ ਖੁਸ਼ੀ ਅਤੇ ਆਤਮ-ਵਿਸ਼ਵਾਸ ਦਾ ਪੈਮਾਨਾ ਬਣ ਚੁੱਕੇ ਹਨ। ਜਦੋਂ ਕਿਸੇ ਪੋਸਟ 'ਤੇ ਉਮੀਦ ਮੁਤਾਬਕ ਹੁੰਗਾਰਾ ਨਹੀਂ ਮਿਲਦਾ, ਤਾਂ ਨੌਜਵਾਨ ਮਾਨਸਿਕ ਤਣਾਅ ਅਤੇ ਡਿਪ੍ਰੈਸ਼ਨ ਵਿੱਚ ਚਲੇ ਜਾਂਦੇ ਹਨ। ਸੋਸ਼ਲ ਮੀਡੀਆ 'ਤੇ ਦੂਜਿਆਂ ਦੀ ਬਣਾਵਟੀ ਅਤੇ ਚਮਕ-ਦਮਕ ਭਰੀ ਜ਼ਿੰਦਗੀ ਦੇਖ ਕੇ ਆਪਣੀ ਅਸਲ ਜ਼ਿੰਦਗੀ ਨੂੰ ਘੱਟ ਸਮਝਣਾ ਅਤੇ ਹੀਣਤਾ ਭਾਵਨਾ ਦਾ ਸ਼ਿਕਾਰ ਹੋਣਾ ਅੱਜ ਦੀ ਵੱਡੀ ਤ੍ਰਾਸਦੀ ਹੈ।ਇੱਕ ਹੋਰ ਚਿੰਤਾਜਨਕ ਪਹਿਲੂ ਇਹ ਹੈ ਕਿ ਲਗਾਤਾਰ ਛੋਟੀਆਂ ਵੀਡੀਓਜ਼ ਦੇਖਣ ਨਾਲ ਨੌਜਵਾਨਾਂ ਦੀ ਇਕਾ-ਗਰਤਾ ਦੀ ਸਮਰੱਥਾ ਬਹੁਤ ਘੱਟ ਗਈ ਹੈ। ਉਹ ਕਿਸੇ ਵੀ ਗੰਭੀਰ ਵਿਸ਼ੇ, ਪੜ੍ਹਾਈ ਜਾਂ ਕੰਮ 'ਤੇ ਲੰਬਾ ਸਮਾਂ ਧਿਆਨ ਕੇਂਦਰਿਤ ਨਹੀਂ ਕਰ ਪਾਉਂਦੇ। ਇਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਸੁਭਾਅ ਵਿੱਚ ਚਿੜਚਿੜਾਪਨ, ਬੇਚੈਨੀ ਅਤੇ ਗੁੱਸਾ ਵਧ ਰਿਹਾ ਹੈ, ਜੋ ਕਈ ਵਾਰ ਹਿੰਸਕ ਰੂਪ ਵੀ ਧਾਰਨ ਕਰ ਲੈਂਦਾ ਹੈ।ਸਮਾਜਿਕ ਦੂਰੀਆਂ ਅਤੇ ਅਸਲ ਸੰਸਾਰ ਤੋਂ ਦੂਰੀਇਸ ਆਭਾਸੀ ਦੁਨੀਆ ਨੇ ਨੌਜਵਾਨਾਂ ਨੂੰ ਆਪਣੇ ਪਰਿਵਾਰ, ਦੋਸਤਾਂ ਅਤੇ ਅਸਲ ਸਮਾਜ ਤੋਂ ਦੂਰ ਕਰ ਦਿੱਤਾ ਹੈ। ਅੱਜ ਇੱਕੋ ਘਰ ਵਿੱਚ ਬੈਠੇ ਪਰਿਵਾਰਕ ਮੈਂਬਰ ਆਪਸ ਵਿੱਚ ਸੁੱਖ-ਦੁੱਖ ਸਾਂਝਾ ਕਰਨ ਦੀ ਬਜਾਏ ਆਪਣੇ-ਆਪਣੇ ਫੋਨਾਂ ਵਿੱਚ ਗੁਆਚੇ ਰਹਿੰਦੇ ਹਨ। ਇਸ ਵਰਤਾਰੇ ਨੇ ਨੌਜਵਾਨਾਂ ਵਿੱਚੋਂ ਆਪਸੀ ਸਾਂਝ, ਹਮਦਰਦੀ, ਸਹਿਣਸ਼ੀਲਤਾ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਮਨਫ਼ੀ ਕਰ ਦਿੱਤਾ ਹੈ। ਉਹ ਹਜ਼ਾਰਾਂ ਆਨਲਾਈਨ 'ਫਰੈਂਡਜ਼' ਹੋਣ ਦੇ ਬਾਵਜੂਦ ਅਸਲ ਜ਼ਿੰਦਗੀ ਵਿੱਚ ਭਿਆਨਕ ਇਕੱਲੇਪਨ ਦਾ ਸ਼ਿਕਾਰ ਹਨ।ਸਮੇਂ ਦੀ ਮੰਗ ਅਤੇ ਹੱਲਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਨੌਜਵਾਨੀ ਇਸ ਡਿਜੀਟਲ ਦਲਦਲ ਵਿੱਚੋਂ ਬਾਹਰ ਨਿਕਲੇ, ਤਾਂ ਹੁਣ 'ਡਿਜੀਟਲ ਡਿਟੌਕਸ'ਨੂੰ ਅਪਣਾਉਣ ਦੀ ਸਖ਼ਤ ਲੋੜ ਹੈ। ਨੌਜਵਾਨਾਂ ਨੂੰ ਖੁਦ ਸੰਕਲਪ ਲੈਣਾ ਪਵੇਗਾ ਕਿ ਉਹ ਆਪਣੇ ਰੋਜ਼ਾਨਾ ਦੇ ਸਕ੍ਰੀਨ ਟਾਈਮ ਨੂੰ ਸੀਮਤ ਕਰਨਗੇ। ਫੋਨ ਵਿੱਚ ਅਜਿਹੀਆਂ ਐਪਲੀਕੇਸ਼ਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜੋ ਸਕ੍ਰੀਨ ਟਾਈਮ ਵੱਧਣ 'ਤੇ ਅਲਾਰਮ ਦੇਣ।ਇਸ ਵਿੱਚ ਮਾਪਿਆਂ ਅਤੇ ਸਿੱਖਿਆ ਸੰਸਥਾਵਾਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਮਹਿੰਗੇ ਗੈਜੇਟਸ ਲੈ ਕੇ ਦੇਣ ਦੀ ਬਜਾਏ ਖੁਦ ਉਨ੍ਹਾਂ ਨਾਲ ਸਮਾਂ ਬਿਤਾਉਣ, ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਨੂੰ ਮੈਦਾਨੀ ਖੇਡਾਂ, ਕਿਤਾਬਾਂ ਪੜ੍ਹਨ ਜਾਂ ਹੋਰ ਰਚਨਾਤਮਕ ਕੰਮਾਂ (ਜਿਵੇਂ ਸੰਗੀਤ, ਚਿੱਤਰਕਾਰੀ) ਵੱਲ ਪ੍ਰੇਰਿਤ ਕਰਨ। ਘਰਾਂ ਵਿੱਚ 'ਨੋ ਫੋਨ ਜ਼ੋਨ' (ਜਿਵੇਂ ਡਾਈਨਿੰਗ ਟੇਬਲ ਜਾਂ ਬੈੱਡਰੂਮ) ਬਣਾਏ ਜਾਣੇ ਚਾਹੀਦੇ ਹਨ।

ਸੋ ਤਕਨਾਲੋਜੀ ਮਨੁੱਖ ਦੀ ਗੁਲਾਮ ਹੋਣੀ ਚਾਹੀਦੀ ਹੈ, ਨਾ ਕਿ ਮਨੁੱਖ ਤਕਨਾਲੋਜੀ ਦਾ ਗੁਲਾਮ ਬਣੇ। ਜੇਕਰ ਸਮਾਂ ਰਹਿੰਦੇ ਇਸ ਡਿਜੀਟਲ ਨਸ਼ੇ ਨੂੰ ਨਾ ਰੋਕਿਆ ਗਿਆ, ਤਾਂ ਸਾਡੀ ਆਉਣ ਵਾਲੀ ਨੌਜਵਾਨ ਪੀੜ੍ਹੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਇੰਨੀ ਅਪਾਹਜ ਹੋ ਜਾਵੇਗੀ ਕਿ ਦੇਸ਼ ਦਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗੇਗਾ। ਤਕਨਾਲੋਜੀ ਦੀ ਵਰਤੋਂ ਆਪਣੀ ਤਰੱਕੀ ਅਤੇ ਗਿਆਨ ਵਧਾਉਣ ਲਈ ਕਰੋ, ਖੁਦ ਨੂੰ ਬਿਮਾਰੀਆਂ ਦੀ ਮੰਡੀ ਬਣਾਉਣ ਲਈ ਨਹੀਂ।



**ਲੈਕਚਰਾਰ ਅੰਮ੍ਰਿਤ ਪਾਲ ਸਿੰਘ**
**ਸਕੂਲ ਆਫ਼ ਐਮੀਨੈਂਸ ਬੰਗਾ**
**9417187272**

# ਬੇਅਦਬੀ ਕਾਨੂੰਨ : ਤਸਵੀਰ ਦਾ ਦੂਜਾ ਪਾਸਾ

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਿਤ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਅਤੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਕਾਰ ਇੱਕ ਅਣਚਾਹਿਆ ਟਕਰਾਅ ਪੈਦਾ ਹੋ ਗਿਆ। ਇਸ ਸਥਿਤੀ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਧਾਨ ਸਭਾ ਦੇ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਸਾਰੇ ਸਿੱਖ ਵਿਧਾਇਕਾਂ ਅਤੇ ਪੰਜਾਬ ਸਰਕਾਰ ਦੇ ਸਿੱਖ ਮੰਤਰੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ। ਸਾਰੇ ਸੱਦੇ ਗਏ ਨੁਮਾਇੰਦੇ ਉੱਥੇ ਹਾਜ਼ਰ ਹੋਏ। ਇਸ ਕਾਰਵਾਈ ਦਾ ਸਿੱਧਾ ਪ੍ਰਸਾਰਨ ਵੀ ਹੋਇਆ ਅਤੇ ਅਗਲੇ ਦਿਨ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਨੂੰ ਪ੍ਰਮੁੱਖਤਾ ਨਾਲ ਉਭਾਰਿਆ।

ਇਸ ਘਟਨਾ ਬਾਰੇ ਦੇਸ਼ ਭਰ ਵਿੱਚ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ। ਕੁਝ ਰਾਸ਼ਟਰੀ ਟੈਲੀਵਿਜ਼ਨ ਚੈਨਲਾਂ ਨੇ ਇਹ ਸਵਾਲ ਉਠਾਇਆ ਕਿ ਕੀ ਕੋਈ ਧਾਰਮਿਕ ਸੰਸਥਾ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਬਣਾਏ ਕਾਨੂੰਨ ਵਿੱਚ ਸੋਧ ਕਰਨ ਜਾਂ ਉਸ ਨੂੰ ਵਾਪਸ ਲੈਣ ਲਈ ਦਬਾਅ ਬਣਾ ਸਕਦੀ ਹੈ? ਇਹ ਵੀ ਦਲੀਲ ਦਿੱਤੀ ਗਈ ਕਿ ਜੇ ਇਸ ਨੂੰ ਸਵੀਕਾਰ ਕਰ ਲਿਆ ਗਿਆ ਤਾਂ ਭਵਿੱਖ ਵਿੱਚ ਹੋਰ ਧਰਮਾਂ ਦੀਆਂ ਧਾਰਮਿਕ ਸੰਸਥਾਵਾਂ ਵੀ ਆਪਣੇ-ਆਪਣੇ ਧਾਰਮਿਕ ਮਾਮਲਿਆਂ ਨਾਲ ਸੰਬੰਧਿਤ ਕਾਨੂੰਨਾਂ ਵਿੱਚ ਦਖ਼ਲ ਦੇਣ ਦਾ ਦਾਅਵਾ ਕਰ ਸਕਦੀਆਂ ਹਨ।

ਪਹਿਲੀ ਨਜ਼ਰ ਵਿੱਚ ਇਹ ਦਲੀਲ ਕਾਨੂੰਨੀ ਅਤੇ ਸੰਵਿਧਾਨਕ ਦ੍ਰਿਸ਼ਟੀ ਤੋਂ ਵਾਜਬ ਜਾਪ ਸਕਦੀ ਹੈ। ਪਰ ਕਿਸੇ ਵੀ ਘਟਨਾ ਨੂੰ ਉਸਦੇ ਇਤਿਹਾਸਕ ਅਤੇ ਸਮਾਜਿਕ ਸੰਦਰਭ ਤੋਂ ਵੱਖ ਕਰਕੇ ਨਹੀਂ ਸਮਝਿਆ ਜਾ ਸਕਦਾ। ਸਿੱਖ ਇਤਿਹਾਸ ਵਿੱਚ ਧਾਰਮਿਕ ਸੰਸਥਾਵਾਂ ਦੀ ਖੁਦਮੁਖਤਿਆਰੀ ਦਾ ਸਵਾਲ ਨਵਾਂ ਨਹੀਂ ਹੈ; ਇਸ ਦੀਆਂ ਜੜ੍ਹਾਂ ਕਾਫ਼ੀ ਪੁਰਾਣੀਆਂ ਹਨ। ਮੌਜੂਦਾ ਵਿਵਾਦ ਨੂੰ ਸਮਝਣ ਲਈ 1959 ਦੇ ਉਸ ਘਟਨਾਕ੍ਰਮ ਵੱਲ ਮੁੜਨਾ ਪਵੇਗਾ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਇੱਕ ਵਿਵਾਦ ਨੂੰ ਲੈ ਕੇ ਮਾਸਟਰ ਤਾਰਾ ਸਿੰਘ ਅਤੇ ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਿਚਕਾਰ ਗੱਲਬਾਤ ਹੋਈ ਸੀ।

1959 ਵਿੱਚ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਕੁਝ ਸੋਧਾਂ ਕਰਨ ਦੀ ਕੋਸ਼ਿਸ਼ ਕੀਤੀ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖ਼ਲ ਵਜੋਂ ਦੇਖਿਆ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਅੰਦੋਲਨ ਸ਼ੁਰੂ ਹੋ ਗਿਆ। ਸਥਿਤੀ ਤਣਾਅਪੂਰਨ ਹੋਣ 'ਤੇ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਬਾਅਦ ਵਿੱਚ ਪੰਡਿਤ ਨਹਿਰੂ ਨੇ ਉਨ੍ਹਾਂ ਨੂੰ ਦਿੱਲੀ ਸੱਦ ਕੇ ਗੱਲਬਾਤ ਕੀਤੀ। ਇਸ ਗੱਲਬਾਤ ਤੋਂ ਬਾਅਦ ਇਸ ਗੱਲ ਤੇ ਸਹਿਮਤੀ ਬਣੀ ਕਿ ਐਸ ਜੀ ਪੀ ਸੀ ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਇਕ ਅਜਿਹੀ ਸੰਸਥਾ ਹੈ ਜਿਸ ਕੋਲ ਸਿੱਖਾਂ ਦੇ ਧਾਰਮਿਕ ਮਸਲਿਆਂ ਸੰਬੰਧੀ ਫੈਸਲੇ ਲੈਣ ਦੇ ਪੂਰੇ ਅਧਿਕਾਰ ਹਨ। ਇਸ ਪੱਖ ਤੇ ਸਹਿਮਤ ਹੁੰਦੇ ਹੋਏ ਪੰਡਿਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਯਕੀਨ ਦਿਵਾਇਆ ਕਿ ਕੇਂਦਰੀ ਸਰਕਾਰ ਜਾਂ ਪੰਜਾਬ ਸਰਕਾਰ ਐਸ ਜੀ ਪੀ ਸੀ ਦੀ ਸਹਿਮਤੀ ਬਿਨਾਂ ਕੋਈ ਕਾਨੂੰਨ ਨਹੀਂ ਬਣਾਏ ਗੀ। ਇਸ ਆਧਾਰ 'ਤੇ ਅੰਦੋਲਨ ਵਾਪਸ ਲੈ ਲਿਆ ਗਿਆ। ਅਸਲ ਵਿਚ ਪੰਡਿਤ ਨਹਿਰੂ ਨੂੰ ਇਹ ਪਤਾ ਸੀ ਕਿ ਐਸ ਜੀ ਪੀ ਸੀ ਦੀ ਸਥਾਪਨਾ 1925 ਵਿਚ ਅੰਗਰੇਜ਼ੀ ਰਾਜ ਸਮੇਂ ਇਕ ਕਾਨੂੰਨ ਅਧੀਨ ਹੋਈ ਸੀ, ਜਿਸ ਵਿਚ ਇਸ ਸੰਸਥਾ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਸੰਬੰਧੀ ਫ਼ੈਸਲੇ ਲੈਣ ਦੇ ਅਧਿਕਾਰ ਦਿੱਤੇ ਗਏ ਸੀ। ਇਸ ਘਟਨਾਕ੍ਰਮ ਤੋਂ ਬਾਅਦ ਇਹ ਪਰੰਪਰਾ ਹੋਰ ਮਜ਼ਬੂਤ ਹੋਈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਨੂੰ ਬੇਲੋੜੀ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਇਤਿਹਾਸਕ ਪਿਛੋਕੜ ਨੂੰ ਨਜ਼ਰਅੰਦਾਜ਼ ਕਰਕੇ ਅੱਜ ਦੇ ਵਿਵਾਦ ਨੂੰ ਸਮਝਣਾ ਅਧੂਰੀ ਤਸਵੀਰ ਦੇਖਣ ਦੇ ਬਰਾਬਰ ਹੈ।

ਇਹ ਅਫ਼ਸੋਸ ਦੀ ਗੱਲ ਹੈ ਕਿ ਇਸ ਸਾਰੇ ਵਿਵਾਦ ਦੀ ਚਰਚਾ ਦੌਰਾਨ ਬਹੁਤੇ ਰਾਸ਼ਟਰੀ ਚੈਨਲਾਂ ਨੇ ਇਸ ਇਤਿਹਾਸਕ ਪਿਛੋਕੜ ਨੂੰ ਜਾਂ ਤਾਂ ਪੂਰੀ ਤਰ੍ਹਾਂ ਨਜ਼ਰਅੰਦਾਜ ਕਰ ਕੇ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ। ਚਰਚਾ ਦਾ ਕੇਂਦਰ ਸਿਰਫ਼ ਇਹ ਬਣਾਇਆ ਗਿਆ ਕਿ ਇੱਕ ਧਾਰਮਿਕ ਸੰਸਥਾ ਚੁਣੇ ਹੋਏ ਵਿਧਾਇਕਾਂ ਨੂੰ ਕਿਵੇਂ ਤਲਬ ਕਰ ਸਕਦੀ ਹੈ ਜਾਂ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ 'ਤੇ ਆਪਣੀ ਰਾਏ ਕਿਵੇਂ ਦੇ ਸਕਦੀ ਹੈ? ਇਸ ਨਾਲ ਦਰਸ਼ਕਾਂ ਅੱਗੇ ਘਟਨਾ ਦਾ ਸਿਰਫ਼ ਇੱਕ ਪੱਖ ਹੀ ਪੇਸ਼ ਹੋਇਆ, ਜਦਕਿ ਦੂਜਾ ਪੱਖ, ਜੋ ਕੇ ਬਹੁਤ ਹੀ ਮਹੱਤਵਪੂਰਨ ਹੈ, ਗਾਇਬ ਹੀ ਰਿਹਾ।

ਇਸ ਵਿਵਾਦ ਨੂੰ ਸਿਰਫ਼ ਸੰਵਿਧਾਨਕ ਜਾਂ ਕਾਨੂੰਨੀ ਨਜ਼ਰੀਏ ਨਾਲ ਨਹੀਂ, ਸਗੋਂ ਪੰਜਾਬ ਦੇ ਇਤਿਹਾਸ ਅਤੇ ਸਿੱਖ ਸੰਸਥਾਵਾਂ ਦੀ ਵਿਲੱਖਣ ਪਰੰਪਰਾ ਦੇ ਪ੍ਰਸੰਗ ਵਿੱਚ ਵੀ ਸਮਝਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਫ਼ ਧਾਰਮਿਕ ਸੰਸਥਾਵਾਂ ਹੀ ਨਹੀਂ, ਸਗੋਂ ਸਿੱਖ ਸਮਾਜ ਦੇ ਇਤਿਹਾਸਕ ਅਤੇ ਸੱਭਿਆਚਾਰਕ ਜੀਵਨ ਨਾਲ ਡੂੰਘੇ ਤੌਰ 'ਤੇ ਜੁੜੀਆਂ ਸੰਸਥਾਵਾਂ ਹਨ। ਇਸ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਕੀਤੀ ਗਈ ਚਰਚਾ ਲਾਜ਼ਮੀ ਤੌਰ 'ਤੇ ਅਧੂਰੀ ਰਹਿ ਜਾਂਦੀ ਹੈ।

ਇਸ ਸਾਰੇ ਘਟਨਾਕ੍ਰਮ ਵਿੱਚ ਰਾਜਨੀਤੀ ਦਾ ਪੱਖ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਮੇਰੇ ਵਿਚਾਰ ਵਿੱਚ ਬੇਅਦਬੀ ਨਾਲ ਸੰਬੰਧਿਤ ਕਾਨੂੰਨ ਨੂੰ ਲੈ ਕੇ ਉੱਠੇ ਵਿਵਾਦ ਵਿੱਚ ਸਾਰੀਆਂ ਪ੍ਰਮੁੱਖ ਸਿਆਸੀ ਧਿਰਾਂ ਆਪਣੇ-ਆਪਣੇ ਰਾਜਨੀਤਿਕ ਹਿਸਾਬ-ਕਿਤਾਬ ਨਾਲ ਚੱਲਦੀਆਂ ਨਜ਼ਰ ਆਈਆਂ। ਵਿਰੋਧੀ ਧਿਰਾਂ ਨੂੰ ਇਹ ਸ਼ੰਕਾ ਸੀ ਕਿ ਜੇ ਇਹ ਕਾਨੂੰਨ ਬਿਨਾਂ ਕਿਸੇ ਵਿਵਾਦ ਦੇ ਲਾਗੂ ਹੋ ਜਾਂਦਾ ਹੈ ਤਾਂ ਇਸ ਦਾ ਰਾਜਨੀਤਿਕ ਲਾਭ ਸੱਤਾਧਾਰੀ ਪਾਰਟੀ ਨੂੰ ਮਿਲ ਸਕਦਾ ਹੈ। ਦੂਜੇ ਪਾਸੇ, ਪੰਜਾਬ ਸਰਕਾਰ ਨੇ ਵੀ ਬਿਨਾਂ ਵਿਆਪਕ ਸਲਾਹ-ਮਸ਼ਵਰੇ ਅਤੇ ਜਲਦਬਾਜ਼ੀ ਵਿੱਚ ਕੁਝ ਅਜਿਹੇ ਨੁਕਤੇ ਨਵੇਂ ਕਾਨੂੰਨ ਵਿਚ ਸ਼ਾਮਲ ਕਰ ਦਿੱਤੇ, ਜਿਨ੍ਹਾਂ ਨੇ ਵਿਵਾਦ ਨੂੰ ਹੋਰ ਗੰਭੀਰ ਬਣਾ ਦਿੱਤਾ।

ਇਹ ਕਹਿਣਾ ਸ਼ਾਇਦ ਅਤਿਕਥਨੀ ਹੋਵੇਗਾ ਕਿ ਕਿਸੇ ਇੱਕ ਧਿਰ ਨੇ ਹੀ ਇਹ ਸਾਰਾ ਵਿਵਾਦ ਖੜ੍ਹਾ ਕੀਤਾ, ਪਰ ਇਹ ਕਹਿਣਾ ਵੀ ਔਖਾ ਹੈ ਕਿ ਇਸ ਪੂਰੇ ਮਾਮਲੇ ਵਿੱਚ ਰਾਜਨੀਤਿਕ ਲਾਭ-ਹਾਨੀ ਦਾ ਕੋਈ ਹਿਸਾਬ ਨਹੀਂ ਸੀ। ਅੱਜ ਦੀ ਰਾਜਨੀਤੀ ਵਿੱਚ ਧਾਰਮਿਕ ਅਤੇ ਭਾਵਨਾਤਮਕ ਮੁੱਦੇ ਅਕਸਰ ਚੋਣ ਗਣਿਤ ਨਾਲ ਜੁੜ ਜਾਂਦੇ ਹਨ ਅਤੇ ਇਸ ਵਿਵਾਦ ਵਿੱਚ ਵੀ ਉਸ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ।

ਇਸ ਲਈ, ਇਸ ਸਾਰੇ ਮਾਮਲੇ ਨੂੰ ਸਿਰਫ਼ ਇੱਕ ਪਾਰਟੀ, ਇੱਕ ਸੰਸਥਾ ਜਾਂ ਇੱਕ ਵਿਅਕਤੀ ਦੀ ਗ਼ਲਤੀ ਮੰਨ ਕੇ ਨਹੀਂ ਦੇਖਿਆ ਜਾ ਸਕਦਾ। ਹਕੀਕਤ ਇਹ ਹੈ ਕਿ ਇਸ ਵਿੱਚ ਰਾਜਨੀਤਿਕ ਦੂਰਅੰਦੇਸ਼ੀ ਦੀ ਘਾਟ, ਧਾਰਮਿਕ ਸੰਵੇਦਨਸ਼ੀਲਤਾ ਅਤੇ ਸੰਵਿਧਾਨਕ ਪ੍ਰਕਿਰਿਆ—ਤਿੰਨੇ ਤੱਤ ਇੱਕੋ ਸਮੇਂ ਮੌਜੂਦ ਸਨ। ਜਦੋਂ ਤੱਕ ਇਨ੍ਹਾਂ ਤਿੰਨਾਂ ਨੂੰ ਇਕੱਠੇ ਨਹੀਂ ਦੇਖਿਆ ਜਾਂਦਾ, ਉਦੋਂ ਤੱਕ ਇਸ ਵਿਵਾਦ ਦੀ ਪੂਰੀ ਤਸਵੀਰ ਸਾਹਮਣੇ ਨਹੀਂ ਆ ਸਕਦੀ।

ਇਸ ਸਾਰੇ ਘਟਨਾਕ੍ਰਮ ਵਿੱਚ ਇੱਕ ਹੋਰ ਗੱਲ ਵੀ ਬਹੁਤ ਚਰਚਾ ਵਿੱਚ ਰਹੀ ਕਿ ਵਿਧਾਇਕਾਂ ਨੇ ਜਥੇਦਾਰ ਸਾਹਿਬ ਅੱਗੇ ਇਹ ਕਿਹਾ ਕਿ ਉਨ੍ਹਾਂ ਨੂੰ ਬਿੱਲ ਦੀ ਕਾਪੀ ਇੱਕ ਦਿਨ ਪਹਿਲਾਂ ਹੀ ਮਿਲੀ ਸੀ, ਇਸ ਕਰਕੇ ਉਹ ਉਸ ਨੂੰ ਪੂਰੀ ਤਰ੍ਹਾਂ ਪੜ੍ਹ ਨਹੀਂ ਸਕੇ। ਵਿਰੋਧੀ ਧਿਰਾਂ ਅਤੇ ਮੀਡੀਆ ਦੇ ਇੱਕ ਹਿੱਸੇ ਨੇ ਇਸ ਗੱਲ ਨੂੰ ਇਸ ਤਰ੍ਹਾਂ ਉਭਾਰਿਆ ਜਿਵੇਂ ਇਹ ਵਿਧਾਇਕਾਂ ਦੀ ਬੇਧਿਆਨੀ ਜਾਂ ਬੌਧਿਕ ਕਮਜ਼ੋਰੀ ਦਾ ਸਬੂਤ ਹੋਵੇ।

ਜੇ ਇਸ ਗੱਲ ਨੂੰ ਸੰਸਦੀ ਪ੍ਰਕਿਰਿਆ ਦੇ ਸੰਦਰਭ ਵਿੱਚ ਸਮਝਿਆ ਜਾਵੇ, ਤਾਂ ਤਸਵੀਰ ਕੁਝ ਹੋਰ ਹੀ ਹੈ। ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਬਿੱਲ ਸਿਰਫ਼ ਵਿਅਕਤੀਗਤ ਪੜ੍ਹਨ ਨਾਲ ਨਹੀਂ, ਸਗੋਂ ਪਾਰਟੀ ਪ੍ਰਣਾਲੀ, ਕਮੇਟੀਆਂ ਅਤੇ ਅੰਦਰੂਨੀ ਵਿਚਾਰ-ਵਟਾਂਦਰੇ ਰਾਹੀਂ ਵੀ ਸਮਝੇ ਜਾਂਦੇ ਹਨ। ਹਰ ਵਿਧਾਇਕ ਲਈ ਹਰ ਤਕਨੀਕੀ ਵਿਸ਼ੇ ਨੂੰ ਵਿਸਥਾਰ ਨਾਲ ਸਮਝਣਾ ਹਮੇਸ਼ਾਂ ਸੰਭਵ ਨਹੀਂ ਹੁੰਦਾ, ਖਾਸ ਕਰਕੇ ਜਦੋਂ ਬਿੱਲ ਬਹੁਤ ਜਟਿਲ ਅਤੇ ਤਕਨੀਕੀ ਹੋਵੇ।

ਇੱਥੇ ਇੱਕ ਹੋਰ ਹਕੀਕਤ ਵੀ ਧਿਆਨ ਯੋਗ ਹੈ—ਪਾਰਟੀ ਵਿਵਸਥਾ ਵਿੱਚ "ਵਿਪ" ਪ੍ਰਣਾਲੀ ਦਾ ਮਹੱਤਵ। ਜਦੋਂ ਕਿਸੇ ਵੀ ਬਿੱਲ 'ਤੇ ਵੋਟਿੰਗ ਹੁੰਦੀ ਹੈ, ਤਾਂ ਪਾਰਟੀਆਂ ਆਪਣੇ ਮੈਂਬਰਾਂ ਲਈ ਵਿਪ ਜਾਰੀ ਕਰਦੀਆਂ ਹਨ, ਜਿਸ ਅਨੁਸਾਰ ਸਾਰੇ ਮੈਂਬਰਾਂ ਨੂੰ ਸਦਨ ਵਿੱਚ ਹਾਜ਼ਰ ਰਹਿਣਾ ਅਤੇ ਪਾਰਟੀ ਦੇ ਫੈਸਲੇ ਅਨੁਸਾਰ ਵੋਟ ਪਾਉਣਾ ਲਾਜ਼ਮੀ ਹੁੰਦਾ ਹੈ (ਭਾਵੇਂ ਉਹ ਵਿਅਕਤੀਗਤ ਤੌਰ ਤੇ ਇਸ ਨਾਲ ਸਹਿਮਤ ਨਾ ਹੋਣ)। ਇਸ ਪ੍ਰਣਾਲੀ ਵਿੱਚ ਵਿਅਕਤੀਗਤ ਰਾਏ ਦੀ ਗੁੰਜਾਇਸ਼ ਸੀਮਤ ਹੋ ਜਾਂਦੀ ਹੈ। ਇਸ ਲਈ ਸਿਰਫ਼ ਇਹ ਕਹਿ ਦੇਣਾ ਕਿ ਬਿੱਲ ਨਹੀਂ ਪੜ੍ਹਿਆ ਗਿਆ, ਪੂਰੀ ਤਸਵੀਰ ਪੇਸ਼ ਨਹੀਂ ਕਰਦਾ।

ਇਸ ਦਾ ਇਹ ਅਰਥ ਨਹੀਂ ਕਿ ਵਿਧਾਇਕਾਂ ਦੀ ਜ਼ਿੰਮੇਵਾਰੀ ਘੱਟ ਹੋ ਜਾਂਦੀ ਹੈ। ਲੋਕਤੰਤਰ ਵਿੱਚ ਚੁਣੇ ਹੋਏ ਨੁਮਾਇੰਦਿਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਘੱਟੋ-ਘੱਟ ਮੂਲ ਮੁੱਦਿਆਂ ਦੀ ਸਮਝ ਰੱਖਣ। ਪਰ ਪ੍ਰਣਾਲੀ ਦੀ ਅਸਲੀ ਕਾਰਗੁਜ਼ਾਰੀ ਇਹ ਦਰਸਾਉਂਦੀ ਹੈ ਕਿ ਫੈਸਲੇ ਅਕਸਰ ਸਮੂਹਿਕ ਰੂਪ ਵਿੱਚ ਲਏ ਜਾਂਦੇ ਹਨ, ਨਾ ਕਿ ਚੁਣੇ ਗਏ ਪ੍ਰਤੀਨਿਧਾ ਦੀ ਵਿਅਕਤੀਗਤ ਸੋਚ ਦੇ ਆਧਾਰ 'ਤੇ।ਇਹ ਗੱਲ ਵੀ ਵਿਚਾਰਯੋਗ ਹੈ ਕਿ ਆਧੁਨਿਕ ਕਾਨੂੰਨ ਬਹੁਤ ਤਕਨੀਕੀ ਹੋ ਚੁੱਕੇ ਹਨ। ਬਜਟ, ਵਿੱਤੀ ਨੀਤੀਆਂ ਅਤੇ ਕਾਨੂੰਨੀ ਸੋਧਾਂ ਅਕਸਰ ਐਸੇ ਵਿਸ਼ੇ ਹੁੰਦੇ ਹਨ ਜਿਨ੍ਹਾਂ ਦੀ ਪੂਰੀ ਸਮਝ ਅਰਥਸ਼ਾਸਤਰੀਆਂ, ਕਾਨੂੰਨੀ ਮਾਹਿਰਾਂ ਅਤੇ ਅਧਿਕਾਰੀਆਂ ਦੀ ਮਦਦ ਤੋਂ ਬਿਨਾਂ ਸੰਭਵ ਨਹੀਂ ਹੁੰਦੀ। ਇਸ ਲਈ ਇਹ ਉਮੀਦ ਕਰਨਾ ਕਿ ਹਰ ਵਿਧਾਇਕ ਹਰ ਲਾਈਨ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਕਰੇਗਾ, ਅਸਲ ਹਕੀਕਤ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ।

ਇਸ ਪੂਰੇ ਪ੍ਰਸੰਗ ਵਿੱਚ, ਵਿਧਾਇਕਾਂ ਵੱਲੋਂ ਦਿੱਤਾ ਗਿਆ ਜਵਾਬ ਸਿਰਫ਼ ਇੱਕ ਬਚਾਅ ਨਹੀਂ, ਸਗੋਂ ਮੌਜੂਦਾ ਸੰਸਦੀ ਅਤੇ ਪਾਰਟੀ ਪ੍ਰਣਾਲੀ ਦੀ ਹਕੀਕਤ ਨੂੰ ਵੀ ਦਰਸਾਉਂਦਾ ਹੈ। ਲੋਕਤੰਤਰ ਦਾ ਇਹ ਇੱਕ ਅਜਿਹਾ ਪੱਖ ਹੈ ਜਿੱਥੇ ਵਿਅਕਤੀਗਤ ਸਮਝ, ਪਾਰਟੀ ਅਨੁਸ਼ਾਸਨ ਅਤੇ ਪ੍ਰਸ਼ਾਸਕੀ ਜਟਿਲਤਾ ਇਕੱਠੇ ਕੰਮ ਕਰਦੇ ਹਨ, ਅਤੇ ਕਈ ਵਾਰ ਇਹ ਤਿੰਨੇ ਤੱਤ ਮਿਲ ਕੇ ਸਥਿਤੀ ਨੂੰ ਸਧਾਰਨ ਨਹੀਂ ਰਹਿਣ ਦਿੰਦੇ। ਇਸ ਪੱਖ ਤੋਂ ਵਿਧਾਇਕਾਂ ਦੀ ਸੂਝ-ਬੂਝ ਤੇ ਅਯੋਗ ਟਿੱਪਣੀ ਕਰਨਾ ਠੀਕ ਨਹੀਂ ਜਾਪਦਾ। ਇਹ ਵੀ ਹੋ ਸਕਦਾ ਹੈ ਕਿ ਇਹ ਜੁਆਬ ਇਕ ਸੋਚੀ ਸਮਝੀ ਰਣਨੀਤੀ ਦੇ ਅਧੀਨ ਹੀ ਹੋਵੇ ਤਾਂ ਜੋ ਕਿਸੇ ਹੋਰ ਟਕਰਾਅ ਤੋਂ ਬਚਿਆ ਜਾ ਸਕੇ।

ਇਸ ਪੂਰੇ ਵਿਵਾਦ ਨੂੰ ਜੇ ਇੱਕ ਵੱਡੀ ਤਸਵੀਰ ਵਾਂਗ ਦੇਖਿਆ ਜਾਵੇ ਤਾਂ ਇਹ ਸਿਰਫ਼ ਇੱਕ ਕਾਨੂੰਨ ਜਾਂ ਇੱਕ ਘਟਨਾ ਦਾ ਮਾਮਲਾ ਨਹੀਂ ਰਹਿੰਦਾ, ਸਗੋਂ ਇਹ ਪੰਜਾਬ ਦੀ ਰਾਜਨੀਤੀ, ਧਾਰਮਿਕ ਸੰਸਥਾਵਾਂ ਦੀ ਭੂਮਿਕਾ ਅਤੇ ਲੋਕਤੰਤਰਕ ਪ੍ਰਣਾਲੀ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਦਾ ਸਵਾਲ ਬਣ ਜਾਂਦਾ ਹੈ। ਇਸ ਮੁੱਦੇ ਨੂੰ ਇਸ ਤਰਾਂ ਉਭਾਰਨਾ ਅਸਲ ਵਿਚ ਰਾਜਨੀਤਕ ਲਾਹਾ ਲੈਣਾ ਵਧੇਰੇ ਲੱਗਦਾ ਹੈ।

ਇੱਕ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸਰਵਉੱਚ ਧਾਰਮਿਕ ਸੰਸਥਾ ਹੈ, ਜਿਸਦੀ ਸਿੱਖ ਜਗਤ ਵਿੱਚ ਇਤਿਹਾਸਕ ਅਤੇ ਨੈਤਿਕ ਅਗਵਾਈ ਰਹੀ ਹੈ। ਦੂਜੇ ਪਾਸੇ ਲੋਕਾਂ ਵੱਲੋਂ ਚੁਣੀ ਗਈ ਵਿਧਾਨ ਸਭਾ ਅਤੇ ਉਸ ਦੀ ਬਣਾਈ ਹੋਈ ਸਰਕਾਰ ਹੈ, ਜਿਸ ਦਾ ਕੰਮ ਕਾਨੂੰਨ ਬਣਾਉਣਾ ਅਤੇ ਪ੍ਰਸ਼ਾਸਨ ਚਲਾਉਣਾ ਹੈ। ਜਦੋਂ ਇਹ ਦੋਵੇਂ ਧੁਰੇ ਕਿਸੇ ਵਿਸ਼ੇ 'ਤੇ ਸਾਹਮਣੇ ਆ ਜਾਂਦੇ ਹਨ, ਤਾਂ ਟਕਰਾਅ ਦੀ ਸਥਿਤੀ ਬਣਨਾ ਅਸੁਭਾਵਿਕ ਨਹੀਂ ਹੁੰਦਾ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਧਾਰਮਿਕ ਸੰਸਥਾਵਾਂ ਅਤੇ ਰਾਜਨੀਤਿਕ ਤਾਕਤਾਂ ਦੇ ਰਿਸ਼ਤੇ ਹਮੇਸ਼ਾਂ ਸਧਾਰਨ ਨਹੀਂ ਰਹੇ। ਕਦੇ ਇਹ ਸਹਿਯੋਗ ਦੇ ਰੂਪ ਵਿੱਚ ਰਹੇ ਹਨ ਅਤੇ ਕਦੇ ਤਣਾਅ ਦੇ ਰੂਪ ਵਿੱਚ। ਇਸ ਸੰਦਰਭ ਵਿੱਚ 1959 ਵਰਗੇ ਘਟਨਾਕ੍ਰਮ ਅਤੇ ਬਾਅਦ ਦੀਆਂ ਕਈ ਇਤਿਹਾਸਕ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਇਹ ਮੁੱਦਾ ਨਵਾਂ ਨਹੀਂ ਹੈ, ਸਗੋਂ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਇੱਕ ਸੰਵੇਦਨਸ਼ੀਲ ਸਵਾਲ ਹੈ।

ਇਸ ਪੂਰੇ ਵਿਵਾਦ ਵਿੱਚ ਮੀਡੀਆ ਦੀ ਭੂਮਿਕਾ ਵੀ ਵਿਚਾਰਨਯੋਗ ਹੈ। ਕਿਸੇ ਵੀ ਘਟਨਾ ਦੀ ਪੇਸ਼ਕਾਰੀ ਜਦੋਂ ਪੂਰੇ ਸੰਦਰਭ ਤੋਂ ਕੱਟ ਕੇ ਕੀਤੀ ਜਾਂਦੀ ਹੈ, ਤਾਂ ਉਹ ਜਨਮਤ ਨੂੰ ਇੱਕ ਪਾਸੇ ਵੱਲ ਝੁਕਾ ਸਕਦੀ ਹੈ। ਇਸੇ ਕਰਕੇ ਜ਼ਰੂਰੀ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਚਰਚਾ ਕਰਦੇ ਸਮੇਂ ਸਿਰਫ਼ ਤੁਰੰਤ ਪ੍ਰਤੀਕਿਰਿਆ ਨਹੀਂ, ਸਗੋਂ ਇਤਿਹਾਸਕ ਪਿਛੋਕੜ ਅਤੇ ਸੰਵਿਧਾਨਕ ਢਾਂਚੇ ਦੋਹਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ, ਪਰ ਅਫਸੋਸ ਸਾਡੇ ਦੇਸ ਦਾ ਮੀਡੀਆ ਇਸ ਪੱਖੋਂ ਮਾਰ ਖਾ ਜਾਂਦਾ ਹੈ।

ਮੇਰੇ ਵਿਚਾਰ ਵਿੱਚ ਇਸ ਪੂਰੇ ਘਟਨਾਕ੍ਰਮ ਤੋਂ ਸਭ ਤੋਂ ਵੱਡਾ ਸਬਕ ਇਹ ਨਿਕਲਦਾ ਹੈ ਕਿ ਲੋਕਤੰਤਰ ਵਿੱਚ ਸੰਸਥਾਵਾਂ ਦਾ ਆਪਸੀ ਸਨਮਾਨ ਅਤੇ ਸੰਵਾਦ ਬਹੁਤ ਜ਼ਰੂਰੀ ਹੈ। ਧਾਰਮਿਕ ਸੰਸਥਾਵਾਂ ਦੀ ਆਪਣੀ ਨੈਤਿਕ ਅਤੇ ਸਮਾਜਿਕ ਭੂਮਿਕਾ ਹੈ, ਜਦਕਿ ਰਾਜਨੀਤਿਕ ਸੰਸਥਾਵਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਜਦੋਂ ਤੱਕ ਇਹ ਦੋਵੇਂ ਇੱਕ-ਦੂਜੇ ਦੀ ਸੀਮਾ ਅਤੇ ਭੂਮਿਕਾ ਨੂੰ ਸਮਝਦੇ ਰਹਿੰਦੇ ਹਨ, ਤਦ ਤੱਕ ਟਕਰਾਅ ਦੀ ਬਜਾਏ ਸੰਤੁਲਨ ਬਣਿਆ ਰਹਿ ਸਕਦਾ ਹੈ। ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬੇਅਦਬੀ ਵਰਗੇ ਸੰਵੇਦਨਸ਼ੀਲ ਮਾਮਲੇ ਸਿਰਫ਼ ਕਾਨੂੰਨ ਜਾਂ ਰਾਜਨੀਤੀ ਦੇ ਦਾਇਰੇ ਵਿੱਚ ਨਹੀਂ ਸਿਮਟਦੇ, ਸਗੋਂ ਇਹ ਸਮਾਜਿਕ ਭਾਵਨਾਵਾਂ, ਇਤਿਹਾਸਕ ਅਨੁਭਵਾਂ ਅਤੇ ਧਾਰਮਿਕ ਸੰਵੇਦਨਸ਼ੀਲਤਾ ਨਾਲ ਵੀ ਗਹਿਰਾਈ ਨਾਲ ਜੁੜੇ ਹੁੰਦੇ ਹਨ। ਇਸ ਲਈ ਅਜਿਹੇ ਵਿਸ਼ਿਆਂ 'ਤੇ ਚਰਚਾ ਕਰਦੇ ਸਮੇਂ ਸੰਤੁਲਨ, ਸਾਵਧਾਨੀ ਅਤੇ ਪੂਰੇ ਸੰਦਰਭ ਦੀ ਸਮਝ ਸਭ ਤੋਂ ਜ਼ਰੂਰੀ ਹੋ ਜਾਂਦੀ ਹੈ।



ਰਵਿੰਦਰ ਸਿੰਘ ਸੋਢੀ
ਕੈਲਗਰੀ , ਕੈਨੇਡਾ।

# ਪੰਜਾਬੀ ਸਾਹਿਤ ਸਭਾ (ਰਜਿ:) ਧੂਰੀ ਦੀ ਮਹੀਨਾਵਾਰ ਮੀਟਿੰਗ-ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਭਾਗ ਪੰਜਾਬ ਨੂੰ ਬਚਾਉਣ ਦੀ ਲੋੜ - ਮੂਲ ਚੰਦ ਸ਼ਰਮਾ









**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਧੂਰੀ ਦਾ ਮਹੀਨਾਵਾਰ ਸਾਹਿਤਕ ਸਮਾਰੋਹ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਹੋਇਆ ਜਿਸ ਵਿੱਚ ਸਾਹਿਤ , ਸੱਭਿਆਚਾਰ ਅਤੇ ਸਾਹਿਤਕਾਰਾਂ ਦੇ ਕਦਰਦਾਨ ਮਹੰਤ ਸ਼੍ਰੀ ਹਰਪਾਲ ਦਾਸ ਜੀ ਮਾਮਗੜ੍ਹ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਉਨ੍ਹਾਂ ਵੱਲੋਂ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਅਸ਼ੀਰਵਾਦ ਦੇਣ ਤੋਂ ਇਲਾਵਾ ਹਾਲ ਕਮਰੇ ਲਈ ਇੱਕ ਕੂਲਰ ਦੀ ਸੇਵਾ ਅਤੇ ਅਗਲੇ ਮਹੀਨੇ ਦਾ ਸਮਾਗਮ ਪਿੰਡ ਮਾਮਗੜ੍ਹ ਵਿਖੇ ਕਰਨ ਦਾ ਸੱਦਾ ਵੀ ਦਿੱਤਾ ਗਿਆ ।

ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਇਸ ਸਮਾਗਮ ਦੇ ਮੁੱਖ ਵਿਸ਼ੇ " ਆਜ਼ਾਦੀ ਤੋਂ ਲੈ ਕੇ ਹੁਣ ਤੱਕ ਦੀਆਂ ਸਰਕਾਰਾਂ ਵੱਲੋਂ ਮਾਤ - ਭਾਸ਼ਾ ਦੀ ਬੇਕਦਰੀ " ਬਾਰੇ ਹੋਈ ਵਿਚਾਰ ਚਰਚਾ ਦਾ ਨਿਚੋੜ ਇਹ ਨਿੱਕਲਿਆ ਕਿ ਸਾਬਕਾ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਤੋਂ ਬਿਨਾਂ ਕਿਸੇ ਵੀ ਸਰਕਾਰ ਨੇ ਮਾਤ ਭਾਸ਼ਾ ਪੰਜਾਬੀ ਨਾਲ਼ ਨਿਆਂ ਨਹੀਂ ਕੀਤਾ , ਇਸ ਤੋਂ ਇਲਾਵਾ ਪ੍ਰਸ਼ਾਸਨ , ਯੂਨੀਵਰਸਿਟੀਆਂ , ਪੰਜਾਬੀ ਸਾਹਿਤ ਤੇ ਸੱਭਿਆਚਾਰ ਨਾਲ਼ ਸੰਬੰਧਿਤ ਅਦਾਰਿਆਂ ਅਤੇ ਸਭਾਵਾਂ ਨੇ ਵੀ ਆਪਣੀ ਜ਼ਿੰਮੇਵਾਰੀ ਸਹੀ ਤਰੀਕੇ ਨਾਲ਼ ਨਹੀਂ ਨਿਭਾਈ । ਕੁੱਝ ਬੁਲਾਰਿਆਂ ਨੇ ਆਪਣੀ ਸਭਾ ਅਤੇ ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ ਸੰਸਥਾ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ 1967 ਅਤੇ ਸਮੇਂ ਸਮੇਂ 'ਤੇ ਹੋਈਆਂ ਸੋਧਾਂ ਬਾਰੇ ਕਾਨੂੰਨੀ ਕਾਰਵਾਈ ਰਾਹੀਂ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਵੀ ਕੀਤਾ ।

ਦੂਸਰੇ ਦੌਰ ਵਿੱਚ ਜਨਵਰੀ ਮਹੀਨੇ ਤੋਂ ਸ਼ੁਰੂ ਕੀਤੇ ਕਵਿਤਾ ਸਿਖਲਾਈ ਸਕੂਲ ਦਾ ਸੱਤਵਾਂ ਪਾਠ ਪ੍ਰਸਿੱਧ ਭਾਸ਼ਾ ਮਾਹਿਰ ਸ. ਜੰਗ ਸਿੰਘ ਫ਼ੱਟੜ ਵੱਲੋਂ ਪੜ੍ਹਾਇਆ ਗਿਆ । ਹਰ ਵਾਰੀ ਦੀ ਤਰ੍ਹਾਂ ਚਰਨਜੀਤ ਮੀਮਸਾ ਦੇ ਮੰਚ ਸੰਚਾਲਨ ਅਧੀਨ ਕੀਤੇ ਕਵੀ ਦਰਬਾਰ ਵਿੱਚ ਜਗਦੇਵ ਸ਼ਰਮਾ ਬੁਗਰਾ , ਗੁਰਦਿਆਲ ਨਿਰਮਾਣ , ਰੋਬਿਨ ਮਣਕੂ , ਰਣਜੀਤ ਆਜ਼ਾਦ ਕਾਂਝਲਾ , ਮਨਜੀਤ ਕੌਰ ਸੰਧੂ , ਬੀਬਾ ਰੇਣੂੰ ਸ਼ਰਮਾ , ਮਨਪ੍ਰੀਤ ਕੌਰ ਢੀਂਡਸਾ , ਜਸਪ੍ਰੀਤ ਕੌਰ , ਗੁਰਮੀਤ ਸਿੰਘ ਸੋਹੀ , ਹਰਬੰਸ ਬੇਨੜਾ , ਬਖ਼ਸ਼ੀਸ਼ ਸਿੰਘ ਅਲਾਲ , ਡਾ. ਪਰਮਜੀਤ ਸਿੰਘ ਦਰਦੀ , ਪਰਦੀਪ ਢੀਂਡਸਾ , ਬਿੰਦਰ ਪਾਲ , ਮੁਹੰਮਦ ਸਾਦਿਕ , ਨਵੀਨ ਸਿੰਗਲਾ , ਕਰਮਜੀਤ ਸਿੰਘ , ਡਾ. ਹਰਪਾਲ ਸਿੰਘ ਭੜੀ , ਜਗਤਾਰ ਸਿੰਘ ਧੂਰੀ , ਬਲਜੀਤ ਸਿੰਘ ਬਾਂਸਲ ਅਤੇ ਸੁੱਖੀ ਮੂਲੋਵਾਲ ਨੇ ਆਪੋ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗ ਬੰਨ੍ਹਿਆਂ ।

ਅੰਤ ਵਿੱਚ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇਣ ਵਾਲ਼ੇ ਲੇਖਕਾਂ , ਕਲਾਕਾਰਾਂ ਅਤੇ ਮੈਂਬਰਾਂ ਦੇ ਸਕੇ ਸੰਬੰਧੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਸਭਾ ਦੇ ਸਰਪ੍ਰਸਤ ਜਗਦੇਵ ਸ਼ਰਮਾ ਨੂੰ ਪੜਦਾਦਾ ਬਣਨ 'ਤੇ ਮੁਬਾਰਕਬਾਦ ਵੀ ਦਿੱਤੀ ਗਈ ।

# ਵੋਹ ਸਤੱਤਰ ਦਿਨ



ਸਾਨੂੰ ਹਵਾਈ ਅੱਡੇ ਤੋਂ ਲੈਣ ਲਈ ਉਹ ਤਿੰਨੇ ਹੀ ਆਏ ਸਨ। ਸਮਾਨ ਵੱਧ ਹੋਣ ਕਾਰਨ ਆਪਣੀ ਕਾਰ ਤੋਂ ਇਲਾਵਾ ਇੱਕ ਟੈਕਸੀ ਵੀ ਕੀਤੀ ਗਈ। ਮਾਵਾਂ ਧੀਆਂ ਟੈਕਸੀ ਵਿੱਚ ਬੈਠ ਗਈਆਂ ਅਤੇ ਮੈਂ ਪੋਤੀ ਨਾਲ ਆਪਣੀ ਕਾਰ ਵਿੱਚ ਬੈਠਣ ਲਈ ਤਿਆਰ ਸੀ। ਬੇਟਾ ਪਾਰਕਿੰਗ ਤੋਂ ਕਾਰ ਲੈਣ ਗਿਆ ਹੋਇਆ ਸੀ।

ਜਦੋਂ ਮੈਂ ਪੋਤੀ ਨਾਲ ਅੰਗਰੇਜ਼ੀ ਵਿੱਚ ਕੁਝ ਗੱਲ ਕੀਤੀ ਤਾਂ ਉਹ ਬੱਚੀ ਹੈਰਾਨ ਹੋ ਗਈ ਕਿ ਦਾਦੂ ਨੂੰ ਵੀ ਅੰਗਰੇਜ਼ੀ ਆਉਂਦੀ ਹੈ। ਪੋਤੀ ਦਾ ਮੇਰੇ ਨਾਲ ਲਿਪਟ ਕੇ ਬੈਠਣ ਤੋਂ ਹੀ ਪਤਾ ਲੱਗ ਰਿਹਾ ਸੀ ਕਿ ਉਸਦੇ ਅੰਦਰ ਮੇਰੇ ਲਈ ਕਿੰਨਾ ਮੋਹ ਹੈ। ਪੌਣੇ ਚਾਰ ਸਾਲ ਦਾ ਵਕਫ਼ਾ ਥੋੜ੍ਹਾ ਨਹੀਂ ਹੁੰਦਾ। ਪੋਤੀ ਦੀਆਂ ਗੱਲਾਂ ਬਾਤਾਂ ਅਤੇ ਉਸਦੇ ਅੰਦਾਜ਼ ਤੋਂ ਉਸਦਾ ਦਿਲੀ ਪਿਆਰ ਝਲਕ ਰਿਹਾ ਸੀ। ਉਹ ਉਸਨੂੰ ਪਲਾਂ ਵਿੱਚ ਹੀ ਦਿਖਾਉਣਾ ਅਤੇ ਜਾਹਿਰ ਕਰਨਾ ਚਾਹੁੰਦੀ ਸੀ। ਉਹ ਜਲਦੀ ਜਲਦੀ ਸਭ ਕੁਝ ਦਿਖਾਉਣਾ ਚਾਹੁੰਦੀ ਸੀ। ਉਸਨੂੰ ਸ਼ਬਦਾਂ ਦੀ ਕਮੀ ਮਹਿਸੂਸ ਹੋ ਰਹੀ ਸੀ। ਘਰ ਜਾ ਕੇ ਉਹ ਰਸਮੀ ਵੈਲਕਮ ਵੀ ਕਰਨਾ ਚਾਹੁੰਦੀ ਸੀ।

ਹਾਲਾਂਕਿ ਸਾਨੂੰ ਦੋ ਰਾਤਾਂ ਦੀ ਬੇਨੀਂਦਰੀ ਅਤੇ ਲੰਮੇ ਸਫ਼ਰ ਦੀ ਥਕਾਵਟ ਸੀ, ਪਰ ਪੋਤੀ ਦੇ ਪਿਆਰ ਅੱਗੇ ਇਹ ਸਭ ਕੁਝ ਮਾਮੂਲੀ ਸੀ। ਘਰ ਪਹੁੰਚਦੇ ਹੀ ਪੋਤੀ ਦਾ ਉਤਸ਼ਾਹ ਦੁੱਗਣਾ ਹੋ ਗਿਆ। ਪਰ ਸਾਨੂੰ ਹੁਣ ਆਪਣੇ ਖ਼ੂਨ ਨੂੰ ਨੇੜਿਓਂ ਵੇਖ ਕੇ ਹੀ ਸਕੂਨ ਮਿਲ ਗਿਆ ਸੀ। ਇਹ ਬੁੱਢੀਆਂ ਅੱਖਾਂ ਔਲਾਦ ਨੂੰ ਵੇਖਣ ਲਈ ਤਰਸ ਗਈਆਂ ਸਨ।

ਗੱਲਾਂ ਕਰਨ ਦੀ ਚਾਅ ਵੀ ਬਹੁਤ ਸੀ ਅਤੇ ਦੂਜੀ ਨੀਂਦ ਵੀ ਭਾਰੀ ਸੀ। ਦੋ ਦੋ ਰੋਟੀਆਂ ਖਾ ਕੇ ਅਸੀਂ ਸੌਂ ਗਏ। ਨੀਂਦ ਇੰਨੀ ਆਈ ਕਿ ਮੈਂ ਤਾਂ ਮੂਹਰਲੀ ਲਾਬੀ ਵਿੱਚ ਪਏ ਦੀਵਾਨ ਨੁਮਾ ਬੈੱਡ ਉੱਤੇ ਹੀ ਲੇਟ ਗਿਆ। ਪਤਾ ਹੀ ਨਾ ਲੱਗਿਆ ਕਿ ਕਦੋਂ ਸ਼ਾਮ ਦੇ ਪੰਜ ਛੇ ਵੱਜ ਗਏ।

ਇੰਡੀਆ ਵਿੱਚ ਉਸ ਸਮੇਂ ਦੋ ਵੱਜੇ ਸਨ ਅਤੇ ਇੱਥੇ ਮੋਬਾਈਲ ਦੀ ਸਕਰੀਨ ਉੱਤੇ 19:00 ਵਜ ਰਹੇ ਸਨ।

ਬੇਟੀ ਡਿਨਰ ਬਣਾਉਣ ਦੀ ਤਿਆਰੀ ਵਿੱਚ ਉਲਝੀ ਹੋਈ ਸੀ ਅਤੇ ਸਬਜ਼ੀ ਕੀ ਬਣਾਈਏ ਇਹ ਸੋਚ ਰਹੀ ਸੀ। ਅਸੀਂ ਨੀਂਦ ਵਿੱਚੋਂ ਹੀ ਕਹਿ ਦਿੱਤਾ, "ਜੋ ਮਰਜ਼ੀ ਬਣਾ ਲਓ।" ਉਸਨੂੰ ਇਹ ਤਾਂ ਪਤਾ ਹੀ ਸੀ ਕਿ ਪਾਪਾ ਸ਼ਾਮ ਨੂੰ ਮੂੰਗੀ ਦੀ ਦਾਲ ਖਾ ਕੇ ਹੀ ਖੁਸ਼ ਹੁੰਦੇ ਹਨ। ਪੂਰੇ ਪਰਿਵਾਰ ਵਿੱਚ ਮੈਂ ਹੀ ਆਪਣੀ ਪਸੰਦ ਲਈ ਮਸ਼ਹੂਰ ਹਾਂ। "ਇਹ ਨਹੀਂ ਖਾਣਾ, ਉਹ ਨਹੀਂ ਖਾਣਾ" ਕਹਿਣਾ ਮੇਰੇ ਹਿੱਸੇ ਹੀ ਆਇਆ ਹੈ।

ਖੈਰ, ਉਨ੍ਹਾਂ ਨੇ ਡਿਨਰ ਤੋਂ ਪਹਿਲਾਂ ਪੋਤੀ ਦੀ ਪਸੰਦ ਦਾ ਫਰੂਟ ਕੇਕ ਵੀ ਲਿਆ ਰੱਖਿਆ ਸੀ। ਪੋਤੀ ਨੇ ਉਹ ਦਾਦੀ ਦਾਦੂ ਦੀ ਗੋਦ ਵਿੱਚ ਬੈਠ ਕੇ ਕੱਟਿਆ। ਇਸ ਨਾਲ ਸਭ ਦਾ ਸੁਆਦ ਦੁੱਗਣਾ ਤਿੱਗਣਾ ਹੋ ਗਿਆ।

ਵਿਦੇਸ਼ੀ ਧਰਤੀ ਦੀ ਆਬੋ ਹਵਾ ਬਹੁਤ ਵਧੀਆ ਸੀ। ਪੌਣ ਪਾਣੀ ਦੀ ਗੱਲ ਫਿਰ ਕਦੇ ਕਰਾਂਗੇ। ਫਿਲਹਾਲ ਆਪਣੇ ਨਵੇਂ ਆਵਾਸ ਨੂੰ ਵੇਖ ਕੇ ਵਾਧੂ ਸਕੂਨ ਸੀ। ਸਾਡਾ ਬੈੱਡਰੂਮ ਵੀ ਬਹੁਤ ਸੋਹਣਾ ਸੀ। ਬੈੱਡ ਦੇ ਗੱਦੇ ਬੱਚਿਆਂ ਦੇ ਟ੍ਰੈਂਪੋਲੀਨ ਵਾਂਗੂ ਪੂਰਾ ਜੰਪ ਦਿੰਦੇ ਸਨ।

**ਰਮੇਸ਼ ਸੇਠੀ ਬਾਦਲ**
**9876627233**

# ਆਈਡਬਲਯੂਏ (ਗ੍ਰੇਟ ਬ੍ਰਿਟੇਨ) ਨੇ ਇੰਗਲੈਂਡ ਦੀ ਫੀਫਾ ਵਿਸ਼ਵ ਕੱਪ ਕੁਆਰਟਰ ਫਾਈਨਲ ਵਿੱਚ ਪਹੁੰਚਣ ’ਤੇ ਵਧਾਈ ਦਿੱਤੀ

**ਸਮਾਜ ਵੀਕਲੀ ਯੂ ਕੇ ਸਟਾਫ ਰਿਪੋਰਟਰ**

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਇੰਗਲੈਂਡ ਦੀ ਫੁੱਟਬਾਲ ਟੀਮ ਨੂੰ ਮੈਕਸੀਕੋ ਨੂੰ 3-2 ਨਾਲ ਹਰਾਕੇ 2026 ਫੀਫਾ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿੱਚ ਪਹੁੰਚਣ ’ਤੇ ਦਿਲੋਂ ਵਧਾਈ ਦਿੱਤੀ ਹੈ। ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਐਸੋਸੀਏਸ਼ਨ ਨੇ ਟੀਮ ਦੇ ਜਜ਼ਬੇ, ਦ੍ਰਿੜਤਾ ਅਤੇ ਸੰਘਰਸ਼ਸ਼ੀਲ ਖੇਡ ਦੀ ਸ਼ਲਾਘਾ ਕਰਦਿਆਂ ਇਸ ਜਿੱਤ ਨੂੰ ਪੂਰੇ ਦੇਸ਼ ਲਈ ਮਾਣ ਵਾਲਾ ਪਲ ਕਰਾਰ ਦਿੱਤਾ। ਬਿਆਨ ਵਿੱਚ ਕਿਹਾ ਗਿਆ ਕਿ ਪੂਰੇ ਟੂਰਨਾਮੈਂਟ ਦੌਰਾਨ ਇੰਗਲੈਂਡ ਦੇ ਪ੍ਰਦਰਸ਼ਨ ਨੇ ਲੱਖਾਂ ਪ੍ਰਸ਼ੰਸਕਾਂ ਨੂੰ ਪ੍ਰੇਰਿਤ ਕੀਤਾ ਹੈ ਅਤੇ ਇਹ ਸਾਬਤ ਕੀਤਾ ਹੈ ਕਿ ਟੀਮ ਵਰਕ, ਅਨੁਸ਼ਾਸਨ ਅਤੇ ਏਕਤਾ ਹੀ ਕਾਮਯਾਬੀ ਦੀ ਕੁੰਜੀ ਹਨ। ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਇੰਗਲੈਂਡ ਦੀ ਟੀਮ ਆਧੁਨਿਕ ਬ੍ਰਿਟੇਨ ਦੀ ਤਾਕਤ ਅਤੇ ਵਿਭਿੰਨਤਾ ਦੀ ਅਸਲ ਤਸਵੀਰ ਹੈ।

**ਉਨ੍ਹਾਂ ਕਿਹਾ:** “ਇੰਗਲੈਂਡ ਦੀ ਇਹ ਸਫਲਤਾ ਪੂਰੇ ਦੇਸ਼ ਲਈ ਮਾਣ ਦੀ ਗੱਲ ਹੈ। ਖਿਡਾਰੀਆਂ ਨੇ ਦਬਾਅ ਹੇਠ ਵੀ ਹੌਸਲੇ, ਵਚਨਬੱਧਤਾ ਅਤੇ ਦ੍ਰਿੜ ਇਰਾਦੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਜਿੱਤ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਏਕਤਾ, ਸਖ਼ਤ ਮਿਹਨਤ ਅਤੇ ਆਪਸੀ ਸਤਿਕਾਰ ਹੀ ਸਫਲਤਾ ਦੀ ਨੀਂਹ ਹਨ।”


ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ

ਉਨ੍ਹਾਂ ਅੱਗੇ ਕਿਹਾ ਕਿ ਇੰਗਲੈਂਡ ਦੀ ਰਾਸ਼ਟਰੀ ਟੀਮ ਵੱਖ-ਵੱਖ ਪਿਛੋਕੜਾਂ ਤੋਂ ਆਏ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ, ਜੋ ਬ੍ਰਿਟੇਨ ਨੂੰ ਆਪਣਾ ਘਰ ਮੰਨਦੇ ਹਨ ਅਤੇ ਮਾਣ ਨਾਲ ਥ੍ਰੀ ਲਾਇਨਜ਼ ਦੀ ਜਰਸੀ ਪਹਿਨਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਇਹ ਦਰਸਾਉਂਦੀਆਂ ਹਨ ਕਿ ਸਫਲਤਾ ਦਾ ਆਧਾਰ ਕਿਸੇ ਦਾ ਰੰਗ, ਧਰਮ ਜਾਂ ਪਰਿਵਾਰਕ ਪਿਛੋਕੜ ਨਹੀਂ, ਸਗੋਂ ਯੋਗਤਾ, ਮਿਹਨਤ ਅਤੇ ਸਮਰਪਣ ਹੁੰਦੇ ਹਨ।

ਐਸੋਸੀਏਸ਼ਨ ਨੇ ਕਿਹਾ ਕਿ ਪਰਵਾਸੀ ਭਾਈਚਾਰਿਆਂ ਨੇ ਪੀੜ੍ਹੀਆਂ ਤੋਂ ਬ੍ਰਿਟੇਨ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਅੱਜ ਵੀ ਦੇਸ਼ ਦੇ ਹਰ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

ਆਈਡਬਲਯੂਏ (ਗ੍ਰੇਟ ਬ੍ਰਿਟੇਨ) ਨੇ ਨਾਰਵੇ ਵਿਰੁੱਧ ਕੁਆਰਟਰ ਫਾਈਨਲ ਲਈ ਇੰਗਲੈਂਡ ਦੀ ਟੀਮ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਮੀਦ ਜਤਾਈ ਕਿ ਟੀਮ ਦਾ ਇਹ ਸਫ਼ਰ ਪੂਰੇ ਦੇਸ਼ ਵਿੱਚ ਏਕਤਾ, ਮਾਣ ਅਤੇ ਆਪਸੀ ਸਤਿਕਾਰ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੇਗਾ।

# ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)ਦੀ ਮਹੀਨਾਵਰ ਮੀਟਿੰਗ+ ਸਾਹਿਤਕਾਰਾਂ ਦੇ ਵਿਸ਼ਾਲ ਇਕੱਠ ਵਿੱਚ ਹੋਇਆ ‘ਮਿੱਟੀ ਦੀ ਬਾਤ’ ਉੱਪਰ ਗੋਸ਼ਟੀ ਸਮਾਗਮ







**ਸੰਗਰੂਰ, 8 ਜੁਲਾਈ (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਡਾ. ਹਰਨੇਕ ਸਿੰਘ ਕਲੇਰ ਦੇ ਕਾਵਿ-ਸੰਗ੍ਰਹਿ ‘ਮਿੱਟੀ ਦੀ ਬਾਤ’ ਉੱਪਰ ਗੋਸ਼ਟੀ ਕਰਵਾਈ ਗਈ। ਪੁਸਤਕ ਸਬੰਧੀ ਪੜ੍ਹੇ ਗਏ ਆਪਣੇ ਖੋਜਪੂਰਨ ਪਰਚੇ ਵਿੱਚ ਪ੍ਰਿੰ. ਨਵਤੇਜ ਗੜ੍ਹਦੀਵਾਲਾ ਨੇ ਕਿਹਾ ਕਿ ਡਾ. ਹਰਨੇਕ ਸਿੰਘ ਕਲੇਰ ਦੀ ਪੁਸਤਕ ਪੂੰਜੀਪਤੀਆਂ, ਸਿਆਸਤਦਾਨਾਂ ਅਤੇ ਪੁਜਾਰੀ ਵਰਗ ਦੇ ਗੱਠਜੋੜ ਵੱਲੋਂ ਲਤਾੜੇ ਜਾ ਰਹੇ ਕਿਰਤੀ ਸਮਾਜ ਨੂੰ ਮੁਕਤੀ ਦੀ ਰਾਹ ਦਿਖਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਪੁਸਤਕ ਆਮ ਆਦਮੀ ਦੇ ਤੰਗੀਆਂ-ਤੁਰਸ਼ੀਆਂ ਭਰੇ ਜੀਵਨ ਦੀ ਗੱਲ ਕਰਦੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਸੁਰਿੰਦਰ ਸ਼ਰਮਾ ਨਾਗਰਾ ਨੇ ਕਿਹਾ ਕਿ ਡਾ. ਹਰਨੇਕ ਸਿੰਘ ਕਲੇਰ ਦੀ ਪੁਸਤਕ ਜਾਤਾਂ-ਧਰਮਾਂ ਵਿੱਚ ਵੰਡੇ ਸਮੁੱਤੇ ਕਿਰਤੀ ਵਰਗ ਨੂੰ ਲਾਮਵੰਦ ਕਰਦੀ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਮੀਤ ਖਟੜਾ ਨੇ ਕਿਹਾ ਕਿ ਇਸ ਪੁਸਤਕ ਵਿੱਚ ਆਪਣੀ ਮਿੱਟੀ ਲਈ ਜੂਝਦੇ ਕਿਰਤੀ-ਕਿਸਾਨਾਂ ਦੀ ਅਜੋਕੇ ਦੌਰ ਦੀ ਤਰਸਯੋਗ ਦਸ਼ਾ ਅਤੇ ਦਿਸ਼ਾ ਦਾ ਯਥਾਰਥਕ ਵਿਸ਼ਲੇਸ਼ਣ ਕੀਤਾ ਗਿਆ ਹੈ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸਬੰਧੀ ਯਾਦਾਂ ਸਾਂਝੀਆਂ ਕਰਦਿਆਂ ਡਾ. ਹਰਨੇਕ ਸਿੰਘ ਕਲੇਰ ਨੇ ਆਪਣੀ ਪੁਸਤਕ ਵਿੱਚੋਂ ਕੁੱਝ ਚੋਣਵੀਆਂ ਰਚਨਾਵਾਂ ਪੜ੍ਹ ਕੇ ਸੁਣਾਈਆਂ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਲਈ ਸਭਾ ਵੱਲੋਂ ਨਵਤੇਜ ਗੜ੍ਹਦੀਵਾਲਾ ਅਤੇ ਡਾ. ਹਰਨੇਕ ਸਿੰਘ ਕਲੇਰ ਨੂੰ ਸਨਮਾਨਿਤ ਵੀ ਕੀਤਾ ਗਿਆ। ਸੁਖਵਿੰਦਰ ਸਿੰਘ ਲੋਟੇ ਵੱਲੋਂ ਪਿੰਗਲ ਅਤੇ ਅਰੂਜ਼ ਦੀ ਸਿਖਲਾਈ ਦੀ ਨਿਰੰਤਰਤਾ ਬਣਾਈ ਰੱਖੀ ਗਈ।

ਉਪਰੰਤ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਵਿਸ਼ਾਲ ਕਵੀ ਹੋਇਆ, ਜਿਸ ਵਿੱਚ ਸੁਖਵਿੰਦਰ ਸਿੰਘ ਲੋਟੇ, ਕੁਲਵੰਤ ਖਨੌਰੀ, ਗੁਰਜੰਟ ਬੀਂਬੜ, ਹਰਵੀਰ ਸਿੰਘ ਬਾਗੀ, ਕਰਨੈਲ ਸਿੰਘ ਬੀਂਬੜ, ਕਪਿਲ ਦੇਵ, ਨਿਰਮਲਾ ਗਰਗ, ਪਵਨ ਕੁਮਾਰ ਹੋਸ਼ੀ, ਗੁਰਮੁਖ ਸਿੰਘ ਦਿਲਬਰ, ਸਰਬਜੀਤ ਸੰਗਰੂਰਵੀ, ਕਰਮ ਸਿੰਘ ਜ਼ਖ਼ਮੀ, ਰਜਿੰਦਰ ਸਿੰਘ ਰਾਜਨ, ਸੁਰਜੀਤ ਸਿੰਘ ਮੌਜੀ, ਮੇਵਾ ਸਿੰਘ, ਬਲਬੀਰ ਲੌਂਗੋਵਾਲ, ਅਮਰਜੀਤ ਸਿੰਘ ਅਮਨ, ਪਰਮ ਜਸਪਾਲ ਮਾਨ, ਸੁਰਿੰਦਰ ਸ਼ਰਮਾ ਨਾਗਰਾ, ਹਰਪਿੰਦਰ ਕੌਰ ਹਰਮਨ, ਸਰਬਜੀਤ ਢਿੱਲੋਂ, ਰਮਨ ਸਿੰਗਲਾ, ਰਾਜਦੀਪ ਸਿੰਘ, ਜੰਗੀਰ ਸਿੰਘ ਰਤਨ, ਬਹਾਦਰ ਸਿੰਘ ਧੌਲਾ, ਲਵਲੀ ਬਡਰੁੱਖਾਂ, ਖੁਸ਼ਪ੍ਰੀਤ ਕੌਰ, ਸੀਰਤ, ਹਰਪ੍ਰੀਤ, ਰਣਦੀਪ, ਨੂਰਪ੍ਰੀਤ ਕੌਰ, ਸੁਖਨਦੀਪ ਕੌਰ, ਭੁਪਿੰਦਰ ਨਾਗਪਾਲ, ਅਮਨ ਜੱਖਲਾਂ, ਹਰਮਨਪ੍ਰੀਤ ਸਿੰਘ, ਰਣਦੀਪ ਸਿੰਘ ਈਲਵਾਲ, ਬੱਲੀ ਈਲਵਾਲ, ਪੰਥਕ ਕਵੀ ਲਾਭ ਸਿੰਘ ਝੱਮਟ ਅਤੇ ਸੁਖਵਿੰਦਰ ਸਿੰਘ ਸੁੱਖੀ ਆਦਿ ਕਵੀਆਂ ਨੇ ਹਾਜ਼ਰੀ ਲਵਾਈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਬੀ.ਸੀ. ਟਾਈਗਰਜ਼ ਦਾ 14ਵਾਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਸਮਾਪਤ

## ● ਫਾਈਨਲ ਮੁਕਾਬਲੇ ਚੋਂ ਸਟਰਾਈਵ ਅਕੈਡਮੀ ਦੀ ਟੀਮ ਜੇਤੂ ● ਵੱਖ-ਵੱਖ ਸਿਆਸੀ ਹਸਤੀਆਂ ਨੇ ਕੀਤੀ ਸ਼ਮੂਲੀਅਤ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)**-ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰਸਿੱਧ ਬੀ.ਸੀ. ਟਾਈਗਰਜ਼ ਫੁੱਟਬਾਲ ਕਲੱਬ ਵੱਲੋਂ ਸਥਾਨਕ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਗਿਆ 14ਵਾਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਅੱਜ ਸ਼ਾਮੀ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ

ਅੱਜ ਫਾਈਨਲ ਮੁਕਾਬਲੇ ਦੌਰਾਨ ਸਟਰਾਈਵ ਅਕੈਡਮੀ ਦੀ ਟੀਮ ਜੇਤੂ ਰਹੀ ਜਿਸ ਨੂੰ ਇਨਾਮ ਵਜੋਂ 15









ਟੂਰਨਾਮੈਂਟ ਦੀਆਂ ਵੱਖ ਵੱਖ ਝਲਕੀਆਂ





ਹਜ਼ਾਰ ਡਾਲਰ ਦਾ ਚੈੱਕ ਅਤੇ ਟਰਾਫੀ ਭੇਟ ਕੀਤੀ ਗਈ ਜਦੋਂ ਕਿ ਇਸ ਟੂਰਨਾਮੈਂਟ ਦੌਰਾਨ ਬੀ.ਸੀ.ਟਾਈਗਰਜ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ

ਅਜਿੰਦਰਪਾਲ ਸਿੰਘ ਮਾਂਗਟ ਅਤੇ ਸੁਖਬੀਰ ਸਿੰਘ ਪੂਨੀਆ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਲਗਾਤਾਰ ਤਿੰਨ ਦਿਨ ਚੱਲੇ ਇਸ ਟੂਰਨਾਮੈਂਟ ਵਿੱਚ ਟੋਰਾਂਟੋ,ਵਿਨੀ ਪੈਗ, ਐਡਮਿੰਟਨ ਅਤੇ ਕੈਲਗਰੀ ਨਾਲ ਸੰਬੰਧਿਤ 230 ਟੀਮਾਂ ਪਹੁੰਚੀਆਂ ਜਿਨ੍ਹਾਂ ਵਿੱਚ ਅੰਡਰ-5 ਤੋਂ ਲੈ ਕੇ 60 ਸਾਲ ਤੋਂ ਵੱਧ ਉਮਰ ਵਰਗ ਦੇ ਖਿਡਾਰੀਆ ਵੱਲੋਂ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ ਗਿਆ

ਸਮਾਜ ਵੀਕਲੀ ਨਿਊਜ਼

ਟੂਰਨਾਮੈਂਟ ਦੌਰਾਨ ਆਉਣ ਵਾਲੇ ਦਰਸ਼ਕਾਂ ਲਈ ਲਗਾਤਾਰ ਤਿੰਨ ਦਿਨ ਇੱਕ ਵੱਡ-ਆਕਾਰੀ ਐਲ ਸੀ ਡੀ ਸਕਰੀਨ ਤੇ ਫੀਫਾ ਵਿਸ਼ਵ ਕੱਪ ਦੇ ਮੈਚਾਂ ਦਾ ਸਿੱਧਾ ਪ੍ਰਸਾਰਨ ਦਿਖਾਏ ਜਾਣ ਦਾ ਕੀਤਾ ਗਿਆ ਉਪਰਾਲਾ ਵੀ ਕਾਫੀ ਸ਼ਲਾਗਾਯੋਗ ਸੀ।

ਟੂਰਨਾਮੈਂਟ ਦੌਰਾਨ ਗੁ: ਦਸ਼ਮੇਸ਼ ਦਰਬਾਰ ਅਤੇ ਗੁ: ਗੁਰੂ ਨਾਨਕ ਦਰਬਾਰ ਵੱਲੋਂ ਅਤੁੱਟ ਲੰਗਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ । ਇਸ ਤੋਂ ਇਲਾਵਾ 'ਦੀ ਹੱਟ' ਕੰਪਨੀ ਵੱਲੋਂ ਫਰੀ ਪੀਜ਼ਾ ਵਰਤਾਉਣ ਦੀ ਸੇਵਾ ਵੀ ਕੀਤੀ ਗਈ

ਟੂਰਨਾਮੈਂਟ ਦੇ ਆਖਰੀ ਦਿਨ ਆਯੋਜਿਤ ਕੀਤੇ ਗਏ ਰੰਗਾਰੰਗ ਪ੍ਰੋਗਰਾਮ ਦੌਰਾਨ ਸ਼ਾਨੇ ਪੰਜਾਬ ਦੀ ਭੰਗੜਾ ਟੀਮ ਦੇ ਬੱਚਿਆਂ ਵੱਲੋਂ ਸਮੂਹਕ ਤੌਰ ਤੇ ਪੇਸ਼ ਕੀਤੇ ਭੰਗੜੇ ਨਾਲ ਸਮੁੱਚਾ ਮਾਹੌਲ ਰੰਗੀਨਮਈ ਬਣਿਆ ਨਜ਼ਰੀ ਆਇਆ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਪੁੱਜੀਆਂ ਸਿਆਸੀ ਹਸਤੀਆਂ ਵਿੱਚ ਪੰਜਾਬੀ ਸਾਂਸਦ ਸੁਖ ਧਾਲੀਵਾਲ, ਸਾਂਸਦ ਗੁਰਬਖਸ਼ ਸੈਣੀ, ਮੇਅਰ ਬਰੈਂਡਾ ਲੌਕ, ਚੈਨੀ ਕਲਾਰਕ,ਗੁਰਿੰਦਰ ਕਾਹਲੋਂ,ਗਗਨ ਨਹਿਲ, ਰਾਹੁਲ ਗਿੱਲ, ਗੁਰਿੰਦਰ ਕਾਹਲੋਂ, ਮਨਦੀਪ ਨਾਗਰਾ, ਪ੍ਰਦੀਪ ਕੂਨਰ, ਹੈਰੀ ਬੈਂਸ,ਪਵਨ ਜੋਸੀ, ਪ੍ਰੈਟੀ ਰਸੂਲਪੁਰ, ਨਿਊਵੇਅ ਰੇਲਿੰਗ ਤੋਂ ਨਿਰਭੈ ਕੈਂਥ ਅਤੇ ਮਾਰਕੋਜ਼ ਸਿਕਿਓਰਟੀ ਕੰਪਨੀ ਤੋਂ ਦਿਲਾਵਰ ਰੰਧਾਵਾ ਆਦਿ ਹਾਜ਼ਰ ਸਨ ।ਟੂਰਨਾਮੈਂਟ ਦੇ ਅਖੀਰ ਚ ਪ੍ਰਬੰਧਕ ਕਮੇਟੀ ਵੱਲੋਂ ਅਜਿੰਦਰਪਾਲ ਸਿੰਘ ਮਾਂਗਟ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਫਿਲਮ ਸਤਲੁਜ ਨੂੰ ਓਟੀਟੀ ਪਲੇਟਫਾਰਮ ਤੋਂ ਹਟਾਉਣ ’ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਗੰਭੀਰ ਚਿੰਤਾ ਦਾ ਪ੍ਰਗਟਾਵਾ

**ਸਮਾਜ ਵੀਕਲੀ ਯੂ ਕੇ**

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਫਿਲਮ ਸਤਲੁਜ ਨੂੰ ਭਾਰਤ ਵਿੱਚ ਓਟੀਟੀ ਪਲੇਟਫਾਰਮ ਤੋਂ ਹਟਾਏ ਜਾਣ ਦੀਆਂ ਰਿਪੋਰਟਾਂ ’ਤੇ ਗੰਭੀਰ ਚਿੰਤਾ ਪ੍ਰਗਟ ਕਰਦੀ ਹੈ।

ਸਾਡਾ ਮੰਨਣਾ ਹੈ ਕਿ ਲੋਕਤੰਤਰੀ ਸਮਾਜ ਵਿੱਚ ਇਤਿਹਾਸ ਦੇ ਔਖੇ ਅਤੇ ਸੰਵੇਦਨਸ਼ੀਲ ਦੌਰਾਂ ਬਾਰੇ ਬਣੀਆਂ ਫਿਲਮਾਂ, ਡਾਕੂਮੈਂਟਰੀਆਂ ਅਤੇ ਹੋਰ ਰਚਨਾਵਾਂ ਨੂੰ ਖੁੱਲ੍ਹੀ ਚਰਚਾ ਲਈ ਉਪਲਬਧ ਹੋਣਾ ਚਾਹੀਦਾ ਹੈ। ਕਿਸੇ ਵੀ ਰਚਨਾ ਨਾਲ ਅਸਹਿਮਤੀ ਹੋਣ ਦੀ ਸਥਿਤੀ ਵਿੱਚ ਉਸ ਦਾ ਜਵਾਬ ਵਿਚਾਰ-ਵਟਾਂਦਰੇ ਅਤੇ ਤੱਥਾਂ ਦੇ ਆਧਾਰ ’ਤੇ ਦਿੱਤਾ ਜਾਣਾ ਚਾਹੀਦਾ ਹੈ, ਨਾ ਕਿ ਉਸ ਨੂੰ ਜਨਤਕ ਪਹੁੰਚ ਤੋਂ ਹਟਾ ਕੇ।

ਪੰਜਾਬ ਨੇ ਆਪਣੇ ਇਤਿਹਾਸ ਵਿੱਚ ਬਹੁਤ ਦੁਖਦਾਈ ਅਤੇ ਸੰਵੇਦਨਸ਼ੀਲ ਦੌਰ ਦੇਖੇ ਹਨ। ਉਸ ਸਮੇਂ ਦੌਰਾਨ ਹੋਈ ਹਿੰਸਾ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਹਜ਼ਾਰਾਂ ਪਰਿਵਾਰਾਂ ਦੇ ਦੁੱਖ-ਦਰਦ ਬਾਰੇ ਵੱਖ-ਵੱਖ ਰਿਪੋਰਟਾਂ, ਅਦਾਲਤੀ ਕਾਰਵਾਈਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਲੰਬੇ ਸਮੇਂ ਤੋਂ ਚਰਚਾ ਹੁੰਦੀ ਰਹੀ ਹੈ। ਇਤਿਹਾਸ ਦੇ ਅਜਿਹੇ ਅਧਿਆਇਆਂ ਨੂੰ ਸਮਝਣਾ ਅਤੇ




ਉਨ੍ਹਾਂ ਤੋਂ ਸਬਕ ਸਿੱਖਣਾ ਕਿਸੇ ਵੀ ਲੋਕਤੰਤਰ ਲਈ ਜ਼ਰੂਰੀ ਹੈ। ਸਵਰਗੀ ਜਸਵੰਤ ਸਿੰਘ ਖਾਲੜਾ ਵੱਲੋਂ ਮਨੁੱਖੀ ਅਧਿਕਾਰਾਂ ਦੇ ਮਸਲਿਆਂ ਨੂੰ ਉਜਾਗਰ ਕਰਨ ਲਈ ਕੀਤਾ ਗਿਆ ਕੰਮ ਵਿਸ਼ਵ ਪੱਧਰ ’ਤੇ ਜਾਣਿਆ ਜਾਂਦਾ ਹੈ। ਜੇਕਰ ਕੋਈ ਫਿਲਮ ਜਾਂ ਰਚਨਾ ਉਨ੍ਹਾਂ ਘਟਨਾਵਾਂ ਨੂੰ ਪੇਸ਼ ਕਰਦੀ ਹੈ, ਤਾਂ ਲੋਕਾਂ ਨੂੰ ਉਸ ਨੂੰ ਦੇਖਣ ਅਤੇ ਆਪਣੇ ਵਿਚਾਰ ਬਣਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਸਮਾਜ ਵੀਕਲੀ ਨਿਊਜ਼

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਹਮੇਸ਼ਾਂ ਮਨੁੱਖੀ ਅਧਿਕਾਰਾਂ ਦੀ ਹਰ ਕਿਸਮ ਦੀ ਉਲੰਘਣਾ ਦੇ ਵਿਰੁੱਧ ਖੜ੍ਹੀ ਰਹੀ ਹੈ। ਅਸੀਂ ਮੰਨਦੇ ਹਾਂ ਕਿ ਪ੍ਰਗਟਾਵੇ ਦੀ ਆਜ਼ਾਦੀ, ਮਨੁੱਖੀ ਅਧਿਕਾਰਾਂ ਦਾ ਸਤਿਕਾਰ, ਕਾਨੂੰਨ ਦਾ ਰਾਜ ਅਤੇ ਖੁੱਲ੍ਹੀ ਜਨਤਕ ਚਰਚਾ ਕਿਸੇ ਵੀ ਲੋਕਤੰਤਰੀ ਸਮਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਹਨ। ਅਸੀਂ ਸੰਬੰਧਿਤ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਫਿਲਮ ਸਤਲੁਜ ਨੂੰ ਓਟੀਟੀ ਪਲੇਟਫਾਰਮ ਤੋਂ ਹਟਾਉਣ ਦੇ ਫ਼ੈਸਲੇ ’ਤੇ ਮੁੜ ਵਿਚਾਰ ਕੀਤਾ ਜਾਵੇ। ਇਤਿਹਾਸ ਨੂੰ ਦਬਾਉਣ ਦੀ ਬਜਾਏ ਉਸ ’ਤੇ ਖੁੱਲ੍ਹੀ, ਜ਼ਿੰਮੇਵਾਰ ਅਤੇ ਲੋਕਤੰਤਰੀ ਚਰਚਾ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

**ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ)**

# ਲਿਖਣ ਦੀ ਮਹੱਤਤਾ ਅਤੇ ਇਸ ਦਾ ਸਮਾਜਿਕ ਸੰਦਰਭ

ਲਿਖਣਾ ਮਨੁੱਖ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਸ ਪੜਾਅ ਉੱਤੇ ਪਹੁੰਚਣ ਲਈ ਮਨੁੱਖੀ ਸਮਾਜਾਂ ਨੂੰ ਬਹੁਤ ਸਾਰੇ ਪੜਾਵਾਂ ਵਿੱਚੀਂ ਗੁਜ਼ਰਨਾ ਪਿਆ ਹੈ। ਲਿਖਣ ਦਾ ਕਾਰਜ ਸਾਨੂੰ ਗਿਆਨ ਅਤੇ ਜਾਣਕਾਰੀ ਨੂੰ ਸੁਰੱਖਿਅਤ ਰੱਖਣ ,ਇਤਿਹਾਸ, ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਅਗਲੀ ਪੀੜ੍ਹੀਆਂ ਤੱਕ ਪਹੁੰਚਾਣ ,ਵਿਚਾਰਾਂ, ਭਾਵਨਾਵਾਂ ਅਤੇ ਅਨੁਭਵਾਂ ਨੂੰ ਸਪਸ਼ਟ ਢੰਗ ਨਾਲ ਪ੍ਰਗਟ ਕਰਨ , ਸਿਖਣ ਸਿਖਾਉਣ ਅਤੇ ਰਿਕਾਰਡ ਸਾਂਭਣ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਹ ਮਨੁੱਖੀ ਵਿਕਾਸ ਦੀ ਮਹੱਤਵਪੂਰਣ ਉਪਲੱਬਧੀ ਹੈ। ਇਹ ਹੋਰਨਾਂ ਕਾਰਜਾਂ ਵਾਂਗ ਮਹੱਤਵਪੂਰਨ ਕਾਰਜ ਹੈ ਅਤੇ ਇਸ ਦੇ ਵੱਖ ਵੱਖ ਮਕ਼ਸਦ ਹੋ ਸਕਦੇ ਹਨ।ਗ੍ਰਾਮਸਕੀ ਲਿਖਣ ਨੂੰ ਸਿਰਫ਼ ਜਾਣਕਾਰੀ ਦੇਣ ਦਾ ਸਾਧਨ ਨਹੀਂ, ਸਗੋਂ ਬੌਧਿਕ ਸੰਘਰਸ਼, ਸਮਾਜਿਕ ਤਬਦੀਲੀ ਅਤੇ ਨਵੀਂ ਚੇਤਨਾ ਤਿਆਰ ਕਰਨ ਦਾ ਇੱਕ ਇਨਕਲਾਬੀ ਹਥਿਆਰ ਸਮਝਦਾ ਹੈ। ਉਸ ਮੁਤਾਬਿਕ ਲਿਖਣਾ ਇੱਕ ਰਾਜਨੀਤਿਕ ਕਿਰਿਆ ਹੈ ਜੋ ਸਮਾਜ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਸਰਦਾਰੀ /ਚੌਧਰ ਦੀ ਲੜਾਈ ਦਾ ਹਿੱਸਾ ਹੁੰਦੀ ਹੈ। ਉਸਦੇ ਮੁਤਾਬਕ, "ਗਲਤ ਵਿਚਾਰਾਂ ਦਾ ਵਿਰੋਧ ਸਹੀ ਵਿਚਾਰਾਂ ਨਾਲ ਲਿਖ ਕੇ ਹੀ ਕੀਤਾ ਜਾ ਸਕਦਾ ਹੈ।" ਇਸ ਕਰਕੇ ਅਸਾਵੇਂ ਸਮਾਜਾਂ ਵਿੱਚ ਇਹ ਇੱਕ ਵਿਚਾਰਧਾਰਕ ਲੜਾਈ ਦਾ ਸਾਧਨ ਹੈ। ਉਸ ਦਾ ਕਹਿਣਾ ਸੀ ਕਿ ਲਿਖਣ ਸਮੇਂ ਭਾਸ਼ਾ ਅਤੇ ਸੱਭਿਆਚਾਰ ਦੀ ਸਮਝ ਹੋਣੀ ਜ਼ਰੂਰੀ ਹੈ ਕਿਉਂਕਿ ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਸਗੋਂ ਤਾਕਤ ਦਾ ਢਾਂਚਾ ਹੈ ਇਸ ਕਰਕੇ ਲੇਖਕ ਨੂੰ ਲੋਕਾਂ ਦੀ "ਆਮ ਬੋਲੀ" ਅਤੇ ਅਨੁਭਵ ਨੂੰ ਸਮਝ ਕੇ ਲਿਖਣਾ ਚਾਹੀਦਾ ਹੈ। ਲਿਖਣ ਦਾ ਸਭ ਤੋਂ ਮੁੱਖ ਕੰਮ ਚੇਤਨਾ ਨਾਲ ਜੁੜਿਆ ਹੋਇਆ ਹੈ ਜੋ ਪਾਠਕ ਨੂੰ ਸੋਚਣ, ਸਵਾਲ ਕਰਨ ਅਤੇ ਵਰਤਮਾਨ ਹਾਲਤ ਨੂੰ ਚੁਣੌਤੀ ਦੇਣ ਦੇ ਕਾਬਲ ਬਣਾਉਂਦੀ ਅਤੇ ਸਮਾਜਿਕ ਤਬਦੀਲੀ ਲਈ ਰਾਹ ਤਿਆਰ ਕਰਦੀ ਹੈ। ਲਿਖਣਾ ਤਾਕਤ ਦੇ ਢਾਂਚਿਆਂ ਨੂੰ ਚੁਣੌਤੀ ਦੇਣ ਵਾਲੀ ਕਿਰਿਆ ਹੈ ਜੋ ਕਿ ਸ ਪ ਸ਼ ਟ ਤ ਾ, ਅਨੁਸ਼ਾਸਨ ਅਤੇ ਜ਼ਮੀਨੀ ਹਕੀਕਤ ਨਾਲ ਜੁੜੀ ਹੋਣੀ ਚਾਹੀਦੀ ਹੈ।

ਇਹ ਉਹ ਸਮਾਂ ਹੈ ਜਦੋਂ ਸਥਾਪਤ ਕਾਬਜ਼ ਧਿਰਾਂ ਪਿਛਾਖੜੀ ਸਭਿਆਚਾਰਕ ਮਿਆਰਾਂ ਦੀ ਮੁੜ ਸੁਰਜੀਤੀ ਰਾਹੀਂ ਅਵਾਮ ਨੂੰ ਝੂਠੀ ਚੇਤਨਤਾ ਦੇ ਰਾਹੇ ਪਾ, ਆਪਣੀ ਸਥਾਪਤੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਲੱਗੀਆਂ ਹੋਈਆਂ ਹੈ। ਮਨੁੱਖ ਨੂੰ ਅਤੀਤ ਦੇ ਵਿੱਚੋਂ 'ਅੱਜ' ਨੂੰ ਘੜਨ ਲਈ ਕਿਹਾ ਜਾ ਰਿਹਾ ਹੈ। ਅਧਾਰਹੀਣ ਅਤੀਤ ਅਤੇ ਕਲਪਨਾ ਵਿੱਚ ਹਜੂਮ ਦੇ ਢਹੇ ਚੜ੍ਹ, ਹੜ੍ਹ ਰਹੇ ਮਨੁੱਖ ਨੂੰ 'ਅੱਜ' ਵੱਲ ਅੱਖਾਂ ਖੋਲ੍ਹ ਕੇ ਮੋੜਨਾ ਕੋਈ ਸਧਾਰਨ ਕਾਰਜ ਨਹੀਂ ਹੈ। ਅੱਜ ਸਾਡੇ ਸਨਮੁੱਖ ਬਜਾਰੂ ਮਸਾਲੇਦਾਰ ਹਿੰਸਕ ਪਰਵਿਰਤਿਆਂ ਵਾਲੇ ਸਾਹਿਤ ਦਾ ਉਭਾਰ ਕੋਈ ਛੋਟੀ ਚਣੌਤੀ ਨਹੀਂ ਹੈ। ਇਸ ਤੋਂ ਇਲਾਵਾ ਗੈਰ ਪ੍ਰਸੰਗਿਕ ਮਸਲਿਆਂ ਨੂੰ ਅਹਿਮ ਅਤੇ ਪ੍ਰਸੰਗਿਕ ਬਣਾਕੇ ਸਥਾਪਤੀ ਦੇ ਸਾਧਨਾਂ ਰਾਹੀਂ ਬੜੀ ਹੀ ਚਲਾਕੀ ਨਾਲ ਪਰੋਸਿਆ ਜਾ ਰਿਹਾ ਹੈ। ਅਜੋਕੇ ਸਮਿਆਂ ਅੰਦਰ ਜਿੱਥੇ ਮਨੁੱਖ ਅੰਦਰੋਂ ਟੁੱਟ ਕੇ ਬੁਰੀ ਤਰ੍ਹਾਂ ਨਾਲ ਖਿੰਡ ਪੁੰਡ ਰਿਹਾ ਹੈ ਉੱਥੇ ਹੀ ਉਸ ਨੂੰ ਬਾਹਰੋਂ ਢਾਰਸ ਦੇਣ ਵਾਲੀਆਂ ਸੰਸਥਾਵਾਂ ਦਾ ਖਿੰਡਾਅ ਵੀ ਪ੍ਰੇਸ਼ਾਨ ਕਰ ਰਿਹਾ ਹੈ। ਅੱਜ ਜਿੱਥੇ ਇੱਕ ਪਾਸੇ ਮਨੁੱਖੀ ਜੀਵਨ ਦਾ ਖ਼ਰਾਬਾ ਹੋ ਰਿਹਾ ਹੈ ਉਥੇ ਹੀ ਦੂਜੇ ਪਾਸੇ ਪਿਛਾਖੜੀ ਅਤੇ ਲੁਟੇਰੀਆਂ ਧਿਰਾਂ ਦਾ ਦਾਬਾ ਵਧ ਰਿਹਾ ਹੈ। ਹੋਰ ਤਾਂ ਹੋਰ ਸਰੋਤਾਂ ਉੱਤੇ ਕਬਜ਼ਾ ਕਰਨ ਲਈ ਧਾਰਮਿਕ ਖ਼ਤਰੇ ਦੇ ਹਊਏ ਹੇਠ ਨਜਾਇਜ਼ ਜੰਗਾਂ ਨੂੰ ਥੋਪਣ ਦੀ ਪ੍ਰਕ੍ਰਿਆ ਜਾਰੀ ਹੈ। ਇਸ ਤੋਂ ਵੀ ਖਤਰਨਾਕ ਗੱਲ ਇਹ ਹੈ ਕਿ ਅਜੋਕੇ ਦਹਿਸ਼ਤ ਭਰੇ ਪਲਾਂ ਵਿੱਚ ਕੋਈ ਵੀ ਕਿਸੇ ਲਈ ਕੋਈ ਖਤਰਾ ਮੁੱਲ ਲੈਣ ਲਈ ਤਿਆਰ ਨਹੀਂ। ਵਾਤਾਵਰਨ ਸੰਭਾਲ ਅਤੇ ਮਨੁੱਖੀ ਅਧਿਕਾਰਾਂ ਜਿਹੇ ਮਸਲੇ ਕਿਤਾਬਾਂ ਅਤੇ ਗੋਸ਼ਟੀਆਂ ਵਿੱਚ ਬੰਦ ਹੋ ਕੇ ਦਮ ਤੋੜਦੇ ਵੇਖੇ ਜਾ ਸਕਦੇ ਹਨ। ਤਾਕਤ ਦੀ ਚੌਧਰ ਅਤੇ ਹੰਕਾਰ ਸਿਖਰਾਂ 'ਤੇ ਹੈ ਜਿਸ ਨੂੰ ਜਾਇਜ਼ ਠਹਿਰਾਅ ਕੇ ਲਿਸ਼ਕਾਉਣ ਪੁਸ਼ਕਾਉਣ ਦਾ ਕੰਮ ਸਿਖਰਾਂ ਛੋਹ ਰਿਹਾ ਹੈ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਲਾ ਮਹਿਜ਼ ਕਲਪਨਾ ਨਹੀਂ ਹੁੰਦੀ ਸਗੋਂ ਇਹ ਕਰੂਰ ਯਥਾਰਥ ਦੇ ਨੇੜਿਓਂ ਹੋ ਕੇ ਵਿਚਰਦੀ ਹੈ। ਇਹੀ ਵਿੱਥ, ਸੁਮੇਲ ਅਤੇ ਵਿਲੱਖਣਤਾ ਕਿਸੇ ਸਾਹਿਤ ਦੀ ਪ੍ਰਮਾਣਿਕਤਾ ਦਾ ਅਧਾਰ ਬਣਦੀ ਹੈ। ਯਥਾਰਥ ਤੋਂ ਕੋਹਾਂ ਦੂਰ ਗਈ ਕਲਪਨਾ ਕੋਈ ਸਮਾਜਕ ਅਰਥ ਨਹੀਂ ਰੱਖਦੀ। ਲਿਓ ਟੋਲਸਟਾਇ ਦਾ ਕਹਿਣਾ ਹੈ ਕਿ ਕਲਾ ਅਤੇ ਲੇਖਨ ਦਾ ਮੰਤਵ ਮਨੁੱਖੀ ਭਾਵਨਾਵਾਂ ਨੂੰ ਇੱਕ ਤੋਂ ਦੂਜੇ ਤੱਕ ਪਹੁੰਚਾਉਣਾ ਹੈ ਅਤੇ ਲੇਖਕ ਨੂੰ ਸਮਾਜਕ ਅਤੇ ਨੈਤਿਕ ਜ਼ਿੰਮੇਵਾਰੀ ਨਾਲ ਲਿਖਣਾ ਚਾਹੀਦਾ ਹੈ ਜਿਸ ਵਿੱਚ ਰੋਜ਼ ਮਰਰਾ ਦੀਆਂ ਸੱਚਾਈਆਂ, ਸਮਾਜਕ ਅਨਿਆਂ, ਅਤੇ ਨੈਤਿਕ ਮੁੱਲ ਸ਼ਾਮਲ ਹੋਣ । ਅਜਿਹਾ ਕੁੱਝ ਗੰਧ਼ਲੇ ਮਨ ਨਾ਼ਲ ਨਹੀਂ ਕੀਤਾ ਜਾ ਸਕਦਾ ।


ਸਮਾਜ ਦਾ ਮਨੁੱਖੀ ਹੋਂਦ ਅਤੇ ਇਸ ਦੇ ਜੀਵਨ ਵਿੱਚ ਅਹਿਮ ਯੋਗਦਾਨ ਹੈ ਇਸ ਕਰਕੇ ਮਨੁੱਖ ਦੀ ਸਮਾਜ ਪ੍ਰਤੀ ਵੀ ਵੱਡੀ ਜ਼ਿੰਮੇਵਾਰੀ ਹੈ। ਇਹੀ ਜ਼ਿੰਮੇਵਾਰੀ ਮਨੁੱਖ ਨੂੰ ਸਾਰਥਿਕ ਸਿਰਜਣਾ ਦੇ ਰਾਹ ਤੋਰਦੀ ਹੈ। ਹਰ ਤਰ੍ਹਾਂ ਦੀਆਂ ਔਕੜਾਂ ਅਤੇ ਪੈਦਾ ਹੋ ਰਹੇ ਨਿਘਾਰਾਂ ਦੇ ਖਿਲਾਫ ਮਨੁੱਖੀ ਚੇਤਨਾ ਚਰਚਾ ਛੇੜਦੀ ਹੈ ਤਾਂ ਕਿ ਮਨੁੱਖ ਦੇ ਸੀਮਤ ਜਿਹੇ ਪਲਾਂ ਦੇ ਜੀਵਨ ਨੂੰ ਸਹੀ ਰਸਤਿਆਂ ਉੱਤੇ ਤੋਰਦਿਆਂ ਮਨੁੱਖੀ ਜੀਵਨ ਨੂੰ ਸੁੰਦਰਤਾ ਅਤੇ ਸੁਹੱਪਣ ਬਖਸ਼ਿਆ ਜਾ ਸਕੇ। ਇਸੇ ਸੰਦਰਭ ਵਿੱਚ ਹਰ ਸੂਝਵਾਨ ਕਲਮਕਾਰ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਬੇਬਾਕੀ ਨਾਲ ਆਪਣੀ ਸੱਚੀ ਸੁੱਚੀ ਸੂਝ ਮੁਤਾਬਿਕ ਆਪਣੀ ਗੱਲ ਕਹਿ ਸਕੇ । ਲੇਖਕ ਸਮਾਜ ਵਿਚਲਾ ਕੋਈ ਵੱਖਰਾ ਵਿਸ਼ੇਸ਼ ਇਨਸਾਨ ਨਹੀਂ ਸਗੋਂ ਉਹ ਵੀ ਅਵਾਮ ਵਿਚਲਾ ਉਹ ਜ਼ਿੰਮੇਵਾਰ ਮਨੁੱਖ ਹੁੰਦਾ ਹੈ ਜਿਸ ਨੇ ਮਨੁੱਖਤਾ ਨੂੰ ਜੀਵੰਤ ਰੱਖਣ ਲਈ ਆਪਣੇ ਵਿਤ ਮੁਤਾਬਿਕ ਬਣਦਾ ਰੋਲ ਅਦਾ ਕਰਨਾ ਹੁੰਦਾ ਹੈ। ਫੈਲ ਰਹੇ ਧੰਧੂਕਾਰੇ ਵਿੱਚੋਂ ਉੱਠ ਰਹੇ ਵਿਸ਼ਾਲ ਜਨਤਕ ਅੰਦੋਲਨ ਕਿਸੇ ਵੀ ਸਮਾਜ ਦੇ ਵਿਕਾਸ ਲਈ ਨਵੇਂ ਰਸਤੇ ਖੋਲ੍ਹਦੇ ਹਨ ਜਿਨ੍ਹਾਂ ਤੋਂ ਹਰ ਜ਼ਿੰਮੇਵਾਰ ਲੇਖਕ ਹਮੇਸ਼ਾ ਪ੍ਰਭਾਵਿਤ ਰਿਹਾ ਹੈ ਕਿਉਂਕਿ ਲਹਿਰ ਰਹਿਤ ਜੀਵਨ ਦਾ ਕੋਈ ਅਰਥ ਨਹੀਂ ਹੁੰਦਾ। ਹਲਚਲਾਂ ਹੀ ਇਸ ਕਾਇਨਾਤ ਵਿੱਚ ਜੀਵਨ ਦਾ ਅਧਾਰ ਹਨ, ਬਸ ਇਨ੍ਹਾਂ ਹਲਚਲਾਂ ਨੂੰ ਉਸਾਰੂ ਰੂਪ ਦੇਣ ਦੀ ਜ਼ਰੂਰਤ ਹੁੰਦੀ ਹੈ। ਇਸ ਕਾਇਨਾਤ ਵਿੱਚ ਰੁਕਣ ਲਈ ਕੋਈ ਥਾਂ ਨਹੀਂ।ਕਲਮ ਨੇ ਕਦਮਾਂ ਵਿੱਚ ਰੰਗ ਭਰਨੇ ਹੁੰਦੇ ਹਨ । ਜੀਵਨ ਦੇ ਇਸ ਰੰਗਮੰਚ 'ਤੇ ਚੰਗੇ ਮਨੁੱਖਾਂ ਦਾ ਸਾਥ ਅਤੇ ਉਨ੍ਹਾਂ ਵੱਲੋਂ ਦਿੱਤਾ ਹੌਸਲਾ ਚੰਗੇ ਰੰਗ ਭਰਨ ਵਿੱਚ ਹਮੇਸ਼ਾ ਸਹਾਈ ਹੁੰਦਾ ਰਹਿੰਦਾ ਹੈ। ਸਿਰਜਣਾ ਕਰਨ ਵਾ਼ਲੀ ਕਲਮ ਹਮੇਸ਼ਾ ਹੀ ਵਕਤ ਮੁਤਾਬਿਕ ਢੁਕਵੇਂ ਸ਼ਬਦਾਂ ਦੀ ਭਾ਼ਲ ਵਿੱਚ ਰਹਿੰਦੀ ਹੈ। ਇਸ ਮਕਸਦ ਵਿੱਚ ਕੋਈ ਕਿੰਨਾ ਕੁ ਸਫਲ ਜਾਂ ਅਸਫਲ ਹੋਇਆ ਹਾਂ ਇਸ ਦਾ ਨਿਰਨਾ ਵਕਤ ਨੇ ਕਰਨਾ ਹੈ। ਇਸ ਕਰਕੇ ਮੈਂ ਵੀ ਹੋਰਨਾਂ ਬਹੁਤ ਸਾਰੇ ਲੇਖਕਾਂ ਵਾਂਗ ਇਸ ਖੇਤਰ ਵਿੱਚ ਸਾਦਗੀ ਨਾ਼ਲ ਬੇਪ੍ਰਵਾਹ ਹੋ ਹੱਦਾਂ, ਸਰਹੱਦਾਂ ਤੋਂ ਪਾਰ ਦਿਨ ਰਾਤ ਵਗਦਾ ਰਹਿੰਦਾ ਹਾਂ ਤਾਂ ਕਿ ਵਲਗਣਾਂ ਨੂੰ ਮਿੱਧ ਕੁੱਝ ਨਵਾਂ ਜਿਹਾ ਕਹਿ ਅਤੇ ਕਰ ਸਕਾਂ ਕਿਉਂਕਿ ਲਿਖਣਾ ਉਹ ਕਲਾ ਹੈ ਜਿਸ ਵਿਚਲੇ ਸ਼ਬਦਾਂ ਵਿੱਚਲੀ ਵਿਚਾਰਧਾਰਕ ਸ਼ਕਤੀ ਮਨੁੱਖੀ ਸਮਾਜਾਂ ਦਾ ਚਿਹਰਾ ਮੋਹਰਾ ਬਦਲ ਕੇ ਰੱਖ ਦਿੰਦੀ ਹੈ। ਨਿਘਾਰ ਵੱਲ ਸੁਚੇਤ ਰੂਪ ਵਿੱਚ ਪਰਤਾਈ ਜਾ ਰਹੀ ਲੋਕਾਈ ਨੂੰ ਕੋਈ ਸੂਝ ਆ ਸਕੇ ਤਾਂ ਕਿ ਉਹ ਜਾਗਰੂਕ ਹੋ ਕੇ ਬੜੀ ਜ਼ਿੰਮੇਵਾਰੀ ਨਾ਼ਲ ਇਸ ਦਾ ਕੋਈ ਚਿਹਰਾ ਮੋਹਰਾ ਸੁਧਾਰ ਜਾਂ ਉਸਾਰ ਸਕੇ ,ਬੱਸ ਮੇਰੇ ਲਿਖਣ ਦਾ ਇਹ ਹੀ ਮਕਸਦ ਹੈ। ਇਸ ਕਰਕੇ ਨਵੇਂ ਲੇਖਕਾਂ ਨੂੰ ਵੱਖ ਵੱਖ ਭਾਸ਼ਾਵਾਂ ਵਿੱਚ ਲਿਖਿਆ ਜਾ ਰਿਹਾ ਚੰਗਾ ਅਤੇ ਉਸਾਰੂ ਸਾਹਿਤ ਪੜ੍ਹਨਾ ਚਾਹੀਦਾ ਹੈ। ਇਸ ਤੋਂ ਇਲ-ਾਵਾ ਲੇਖਕ ਨੂੰ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਸੂਝ ਜ਼ਰੂਰ ਹੋਣੀ ਚਾਹੀਦੀ ਹੈ ਤਾਂ ਹੀਂ ਇਸ ਖੇਤਰ ਵਿੱਚ ਸਾਬਤ ਕਦਮੀਂ ਤੁਰਿਆ ਜਾ ਸਕਦਾ ਹੈ।ਇਸ ਕਰਕੇ ਨਵੇਂ ਲੇਖਕਾਂ ਨੂੰ ਜਿੰਮੇਵਾਰੀ ਅਤੇ ਸੰਜੀਦਗੀ ਨਾ਼ਲ ਅੱਗੇ ਵਧਣਾ ਚਾਹੀਦਾ ਹੈ। ਹਿੰਮਤ ਅਤੇ ਹੌਸਲਾ ਜ਼ਿੰਦਗੀ ਦੇ ਅਹਿਮ ਅੰਗ ਹਨ। ਇਸ ਕਰਕੇ ਉਸਾਰੂ ਕਾਰਜ ਜਾਰੀ ਰਹਿਣੇ ਚਾਹੀਦੇ ਹਨ।



**ਡਾ. ਮੇਹਰ ਮਾਣਕ**

# (ਔਰਤਾਂ ਨੂੰ ਸਭ ਮਾਫ਼ ਹੋਣਾ ਚਾਹੀਦਾ)

ਇੱਕ ਕੁਮੈਂਟ ਤਾਂ ਉਸਨੇ ਕਰਨਾ ਹੀ ਕਰਨਾ। "ਮੇਰੇ ਮਾੜੇ ਕਰਮਾਂ "ਚ ਇਹੀ ਧਰਿਆ ਸੀ ?" ਲਿਖਣ ਵਾਲਾ ਕੰਮ ਧਿਆਨ ਮੰਗਦਾ, ਉਸ ਦਾ ਕੰਮ ਹੁੰਦਾ ਹੈ, ਧਿਆਨ ਤੋੜਨਾ ! ਉਸ ਦੀ ਮਨਸ਼ਾ ਹੁੰਦੀ ਹੈ, ਬਸ ਹਰ ਵੇਲੇ, ਮੇਰੇ ਵੱਲ ਧਿਆਨ ਦਿਓ। ਉਸਨੂੰ ਮਨ ਦੀ ਭੜਾਸ ਕੱਢਣ ਲਈ, ਇਕ ਪਾਰਟਨਰ (ਹਮਜੋਲੀ) ਜ਼ਰੂਰ ਹੋਣਾ ਚਾਹੀਦਾ। ਕੁਮੈਂਟ ਬਦਲ ਵੀ ਜਾਂਦੇ ਹਨ, ਪਰ ਉਨ੍ਹਾਂ ਦਾ ਕੇਂਦਰੀ ਭਾਵ ਇੱਕ ਹੀ ਹੈ ਹੁੰਦਾ। ਜੇ ਉਸ ਵੱਲ ਧਿਆਨ ਨਾ ਦਿਓ ਤੇ ਇੱਕ ਗਲਾਸ ਪਾਣੀ ਮੰਗ ਲਓ, ਗੁੱਸੇ ਵਿੱਚ ਆ ਕੇ ਕਹੇਗੀ ਉੱਠ ਕੇ ਆਪੇ ਲੈ ਲਓ ? "ਮੇਰੇ ਫੁੱਟ ਗਏ ਕਰਮ","ਘਰਦਿਆਂ ਨੂੰ ਇਹੀ ਲੱਭਿਆ ਸੀ ?" ਇਸ ਦੌਰਾਨ, ਜੇ ਜਵਾਕ ਵੀ, ਕੁਝ ਮੰਗ ਲਵੇ, ਉਸਦੇ ਵੀ, ਦੋ ਥੱਪੜ ਜੜ ਦਿੰਦੀ। ਪਰ ਥੋੜੀ ਦੇਰ ਬਾਅਦ, ਮੋਮ ਵਾਂਗੂੰ ਵੀ, ਪਿਘਲ ਹੈ ਜਾਂਦੀ । ਇਸ ਦੇ ਮੂਹਰੇ ਚੁੱਪ ਰਹਿਣ ਵਿੱਚ ਹੀ ਭਲਾ ਹੈ ਹੁੰਦਾ। ਉਸ ਦੀਆਂ ਖੁਸ਼ੀਆਂ ਵਿੱਚ, ਬਰਾਬਰ ਦੇ ਭਾਈਵਾਲ ਹੋਣਾ ਪੈਂਦਾ। ਅੱਜ ਕੱਲ ਮਾਰ ਕੁੱਟ, ਕਤਲ ਦੀਆਂ ਘਟਨਾਵਾਂ, ਦੇ ਪਿੱਛੇ ਔਰਤ ਨੂੰ ਨਾ ਸਮਝਣਾ ਹੀ, ਮੁੱਖ ਕਾਰਨ ਹੈ



ਹੁੰਦਾ। ਔਰਤ ਜੇ ਹੋਵੇ ਘਰ ਵਿੱਚ, ਹਰ ਵਿਗੜਿਆ ਕੰਮ ਠੀਕ ਹੋ ਜਾਵੇ। ਛੜਿਆਂ ਦੀ ਜੂਨ ਬੁਰੀ, ਕੋਈ ਡਰਦੀ ਹਾਲ ਪੁੱਛਣ ਵੀ ਨਾ ਆਵੇ। ਔਰਤ ਨਾਲ ਦਿਨ-ਕਟੀ ਕਰਨ ਲਈ, ਵੱਡਾ ਜਿਗਰਾ ਰੱਖਣਾ ਪੈਂਦਾ। ਕਮਜ਼ੋਰ ਦਿਲਾਂ ਨੂੰ ਤਾਂ ਭਟਕਣਾ ਪੈਂਦਾ। ਔਰਤ ਦੀਆਂ ਘੁੰਮਣ ਘੇਰੀਆਂ ਵਿੱਚ, ਤੁਸੀਂ ਇਕੱਲੇ ਨਹੀਂ, ਪੂਰਾ ਜਗਤ ਰਹੇ ਫਸਦਾ। ਉਸਦੀਆਂ ਮਿਹਰਬਾਨੀਆਂ ਨਾਲ ਹੀ, ਸਾਰਾ ਸੰਸਾਰ ਰਹੇ ਵਸਦਾ। ਜੇਕਰ ਉਸ ਦੀ ਕਦਰ ਕਰੋ, ਚਾਰ ਜਣਿਆ ਬਰਾਬਰ ਇਕੱਲੀ ਕੰਮ ਕਰੇ। ਬੇਕਦਰੀ ਨਾਲ ਤਾਂ ਕਹਿੰਦੀ, ਜਿਧਰ ਕੋਈ ਮਰਦਾ ਪਿਆ ਮਰੇ। ਗਲਤ ਕੰਮ ਕਰਕੇ ਉਸਦੀਆਂ ਦੁਰਾਸੀਸਾਂ ਨਾ ਲਵੋ। ਰਲ ਮਿਲ ਕੇ ਰਹੋ, ਇੱਕ ਦੂਸਰੇ ਨੂੰ ਮਾਫ ਕਰੋ। ਮੁਆਫ਼ ਕਰਨਾ ਬਹੁਤ ਵੱਡਾ ਗੁਣ ਹੈ। ਮਿੰਟ ਵਿੱਚ ਹੀ ਤਰੀਫਾਂ, ਮਿੰਟ ਵਿੱਚ ਹੀ ਲੜ੍ਹਾਈ। ਸਿਧਾ ਹੋ ਕੇ ਚੱਲੀ ਚੱਲ, ਨਹੀਂ ਤਾਂ ਹੁਣੇ ਦੇਦੂੰ,ਦੰਦ ਘਸਾਈ।ਬੀਪੀ ਵਧਾਈਂ ਫਿਰੇ,ਹੁਣ ਨ੍ਹੀਂ ਰਹਿਣਾ, ਤੇਰੇ ਨਾਲ, ਧਮਕੀ ਭਰੀ ਲੈਂਦੀ ਅੰਗੜਾਈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com